ਸਤੰਬਰ 2001

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਲੇਖਕ

**ਪ੍ਰੋ. ਤਾਰਾ ਸਿੰਘ ਜੀ**

•

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ
50 ਸ਼ਬਦਾਂ ਦੀਆਂ
ਵੱਖ-ਵੱਖ ਰਾਗਾਂ ਵਿੱਚ
ਰਚੀਆਂ ਨਿਵੇਕਲੀਆਂ ਸੁਰ ਲਿਪੀਆਂ।

•

ਕੀਮਤ

ਸਜਿਲਦ : 80 ਰੁਪਏ
ਪੇਪਰ ਬੈਕ : 50 ਰੁਪਏ

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ: 0172-701396, 713915
e-mail: drjagirsingh@rediffmail.com

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 9 • ਸਾਲ ਤੇਰ੍ਹਵਾਂ • ਸਤੰਬਰ 2001



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | ਪਾਠਕਾਂ ਦੇ ਪੱਤਰ |
| ਕਰਉ ਬੇਨੰਤੀਆ | 5 | ਸੰਪਾਦਕੀ |
| ਰਾਗ ਤੇ ਰਾਗੀ | 6 | ਗਿਆਨੀ ਸੰਤ ਸਿੰਘ ਮਸਕੀਨ |
| ਸੁਖ ਸਹਜ ਆਨੰਦ ਲਹਹੁ | 8 | ਰਮੇਸ਼ ਸਿੰਘ |
| ਆਓ ਤਬਲਾ ਸਿੱਖੀਏ | 18 | ਗੁਰਜੰਤ ਸਿੰਘ ਰਾਹੀ |
| ਆਪਣੇ ਨਾਮ ਵਾਂਗ ਹੀ ਗੁਰਮੁਖ ਹਨ ਭਾਈ ਗੁਰਮੁਖ ਸਿੰਘ | 22 | ਜਥੇਦਾਰ ਸਾਧੂ ਸਿੰਘ |
| ਗੁਰਸਿੱਖੀ ਬਾਰੀਕ ਹੈ | 24 | ਕਰਤਾਰ ਸਿੰਘ ਨੀਲਧਾਰੀ |
| Bebe Nanaki Rabab Scholarship | 28 | Harbhajan Singh Chopra |
| Popularising Classical Music Abroad | 30 | Devyani Banerjee |
| ਸਵਰ ਲਿਪੀ ਵੇਰਵਾ | 31 | ਹਰਿਭਜਨ ਸਿੰਘ |
| ਸੁਰ ਲਿਪੀਆਂ | 33 | ਭਾਈ ਜਸਪਾਲ ਸਿੰਘ ਅਤੇ ਭਾਈ ਸੁਖਵੰਤ ਸਿੰਘ |
| ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ | 35 | ਮਨਮੋਹਨ ਸਿੰਘ |



• ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

• 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

• Donations are eligible for relief u/s 80 G of Income-Tax Act, 1961 vide CIT/ CHD/ 80-G/78/Tech. dated 30/7/1999 valid upto 31/3/2001



**ਚੰਦੇ ਦਾ ਵੇਰਵਾ :**

• ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.
• ਵਿਦੇਸ਼: ਸਲਾਨਾ 30 $, ਜੀਵਨ ਮੈਂਬਰ (15 ਸਾਲ) 300 $

• 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915 e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ.ਸੀ.ਐਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਦੇ ਜੁਲਾਈ ਦੇ ਅੰਕ ਵਿੱਚ, 'ਮਿਤ੍ਰ ਅਸਾਡੜੇ ਸੇਈ' ਵਾਲੇ ਪੰਨੇ ਤੇ ਸ੍ਰ. ਕਰਤਾਰ ਸਿੰਘ ਜੀ ਨੀਲਧਾਰੀ ਜੀ ਦੇ ਸੰਧਰਭ ਵਿੱਚ, ਮੈਂ ਆਪਣੇ ਵਿਚਾਰ ਅਗਲੀਆਂ ਸਤਰਾਂ ਵਿੱਚ ਲਿਖ ਕੇ ਭੇਜ ਰਿਹਾ ਹਾਂ ਜੀ।

ਇਹ ਤਾਂ ਬਚਪਨ ਤੋਂ ਹੀ ਪੜ੍ਹਦੇ-ਸੁਣਦੇ ਆ ਰਹੇ ਹਾਂ ਕਿ "ਸੇਈ ਪਿਆਰੇ ਮੇਲ ਜਿਨਾਂ ਮਿਲਿਆਂ ਤੇਰਾ ਨਾਮ ਚਿਤ ਆਵੈ", ਪਰ 'ਜਿਨ੍ਹਾਂ ਤੋਂ ਡਰ ਜਾਂ ਘਿਰਣਾ ਜਾਂ ਕੰਮ ਵਿਗੜਣ ਦੀ ਆਸ ਹੋਵੇ' ਐਸੇ ਪਿਆਰਿਆਂ ਨੂੰ ਮਿਲਕੇ ਨਾਮ ਚਿੱਤ ਆਉਣ ਬਾਰੇ ਨਾ ਕਦੇ ਕਿਸੇ ਗੁਰਮਤਿ ਸਾਹਿਤ ਵਿੱਚ ਪੜ੍ਹਿਆ ਹੈ ਅਤੇ ਨਾ ਕਦੇ ਕਿਸੇ ਗੁਰਮੁਖ ਦੀ ਰਸਨਾ ਤੋਂ ਐਸਾ ਸੁਣਿਆ ਗਿਆ ਹੈ। ਨੀਲਧਾਰੀ ਜੀ ਨੂੰ ਮੇਰੀ ਬੇਨਤੀ ਹੈ ਕਿ ਆਪਣੇ ਇਸ ਲਿਖੇ ਗਏ ਤਥ ਦੀ ਪੁਸ਼ਟੀ ਗੁਰਬਾਣੀ ਰਾਹੀਂ ਜਾਂ ਗੁਰਮਤਿ ਸਾਹਿਤ ਰਾਹੀਂ ਕਰਨ ਦੀ ਕਿਰਪਾ ਕਰਨ।

ਨੀਲਧਾਰੀ ਜੀ ਨੇ ਆਪਣੀ ਮਈ ਮਹੀਨੇ ਦੇ ਅੰਕ ਵਿੱਚ ਛਪੀ ਲਿਖਤ ਨੂੰ ਅਲੋਚਨਾ ਨਹੀਂ ਸਗੋਂ ਸਿਧੀ ਲਿਖਤ ਦੀ ਸੰਗਿਆ ਦਿੱਤੀ ਹੈ ਜੋ ਕਿ ਅਲੋਚਨਾਂ ਤੋਂ ਭੀ ਕਈ ਕਦਮ ਅੱਗੇ ਦੀ ਗਲ ਕਰਦੀ ਹੈ। ਮਿਰਚ ਨੂੰ ਗੁੜ ਕਹਿਣ ਨਾਲ ਮਿਰਚ ਦਾ ਸੁਭਾਵ ਨਹੀਂ ਬਦਲ ਜਾਂਦਾ। ਨੀਲਧਾਰੀ ਜੀ ਆਪਣੀ ਲਿਖਤ ਨੂੰ ਆਲੋਚਨਾ ਨਾ ਭੀ ਕਹਿਣ, ਕੋਈ ਫਰਕ ਨਹੀਂ ਪੈਂਦਾ। ਮਿਰਚ ਦਾ ਸੇਵਨ ਕਰਨ ਨਾਲ ਹੀ ਸੁਆਦ ਜਾਹਰ ਹੋ ਜਾਂਦਾ ਹੈ। ਜੂਨ ਦੇ ਅੰਕ ਵਿੱਚ ਆਪਣੀ ਲਿਖਤ ਦੇ ਅਖੀਰ ਵਿੱਚ ਪੈਰਾ (ੳ) ਤੋਂ (ਹ) ਤਕ ਉਹਨਾਂ ਦੇ ਖਿਆਲ ਜੋ ਸਿਧੀ ਸਾਧੀ ਲਿਖਤ ਦੇ ਲਖਾਇਕ ਹਨ? ਇਸ ਲਿਖਤ ਦੇ ਵੇਗ ਵਿੱਚ ਉਹਨਾਂ ਨੇ ਕਿਸੇ ਨੂੰ ਭੀ ਨਹੀਂ ਬਖਸ਼ਿਆ। ਜੇਕਰ ਉਹਨਾਂ ਦੇ ਖਿਆਲਾਂ ਨੂੰ, ਨਿੰਦਾ, ਟਿੱਚਰ ਜਾਂ ਵਿਅੰਗ ਕਹਿਣ ਨਾਲ ਉਹਨਾਂ ਦੇ ਹਿਰਦੇ ਨੂੰ ਠੇਸ ਪੁਜੀ ਹੈ, ਤਾਂ ਉਹ ਆਪ ਹੀ ਦਸਣ ਕਿ ਉਹਨਾਂ ਦੇ ਇਸ ਤਰ੍ਹਾਂ ਦੇ ਖਿਆਲਾਂ ਨੂੰ ਕੀ ਸੰਗਿਆ ਦਿੱਤੀ ਜਾਵੇ।

ਹੁਣ ਜੁਲਾਈ ਮਹੀਨੇ ਦੀ ਸਿੱਧੀ ਸਾਧੀ ਲਿਖਤ ਰਾਹੀਂ ਵਿਦਵਾਨ ਲੇਖਕ ਜੀ ਨੇ ਮੈਨੂੰ ਜੋ ਹੇਠਾਂ ਲਿਖੀਆਂ ਪਦਵੀਆਂ ਬਖਸ਼ੀਆਂ ਹਨ, ਮੈਨੂੰ ਖਿੜੇ ਮੱਥੇ ਪ੍ਰਵਾਨ ਹਨ, ਕਿਉਂਕਿ ਇਹ ਗੁਰਮਤਿ ਦੀ ਗੱਲ ਕਰਨ ਦੇ ਇਵਜ ਵਿੱਚ ਮਿਲੀਆਂ ਹਨ।

(ੳ) ਧਰਮ ਦਾ ਏਜੰਟ (ਅ) ਕੁੰਠਾ ਗ੍ਰਸਤ (ੲ) ਕੱਟੂ ਮਾਨਸਿਕਤਾ (ਸ) ਅਸਿਹਜੀ
(ਹ) ਭ੍ਰਮੀ (ਕ) ਦੁਬਿਧਾ ਗ੍ਰਸਤ (ਖ) ਤਰਕਸ਼ੀਲ

ਨੀਲਧਾਰੀ ਜੀ ਕ੍ਰਿਪਾ ਕਰਕੇ ਦਸਣ ਕਿ ਸਰੇਸ਼ਟ ਆਤਮਿਕ ਅਵਸਥਾ ਪ੍ਰਾਪਤ ਕਰਨ ਲਈ ਜਗਿਆਸੂ ਨੂੰ 'ਅੰਮ੍ਰਿਤਧਾਰੀ' ਹੋਣਾ ਜ਼ਰੂਰੀ ਹੈ ਜਾਂ 'ਅੰਮ੍ਰਿਤ ਇਨਕਾਰੀ' ਭੀ ਇਹ ਅਵਸਥਾ ਪ੍ਰਾਪਤ ਕਰ ਸਕਦਾ ਹੈ। ਨੀਲਧਾਰੀ ਜੀ ਦੀ ਇਸ ਗਲ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਗੁਰਬਾਣੀ ਦੇ ਸਹੀ ਅਰਥ-ਭਾਵ ਆਤਮਿਕ ਅਵਸਥਾ ਵਾਲਾ ਗੁਰਸਿੱਖ ਹੀ ਕਰ ਸਕਦਾ ਹੈ। ਫਿਰ ਭੀ ਐਸਾ ਗੁਰਸਿੱਖ ਕਦੇ ਡੀਂਗ ਨਹੀਂ ਮਾਰਦਾ ਕਿ ਉਸ ਦੁਆਰਾ ਕੀਤੇ ਅਰਥ ਭਾਵ ਹੀ ਸਹੀ ਅਤੇ ਪੱਥਰ ਤੇ ਲਕੀਰ ਹਨ। ਗੁਰਬਾਣੀ ਅਗਾਧ-ਬੋਧ ਜੂ ਹੋਈ।

ਨੀਲਧਾਰੀ ਜੀ ਲਿਖਦੇ ਹਨ ਕਿ ਉਲਿਖਤ ਸਿੱਖ ਇਤਿਹਾਸ ਕੋਈ ਖੁਦਾਈ ਪ੍ਰਵਾਨਾ ਨਹੀਂ ਹੈ। ਪਰ ਛੇਤੀ ਹੀ ਅਗਲੀਆਂ ਸਤਰਾਂ ਵਿੱਚ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਦੀ ਲਿਖਤ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੱਕ ਰਾਗੀ ਤੰਤੀ ਸਾਜ ਵਾਲਾ ਨਿਯਮ ਮਰਯਾਦਾ ਅਨੁਸਾਰ ਜ਼ਰੂਰੀ ਹੈ। ਇੰਜ ਇੱਕ ਲਿਖਤ ਖੁਦਾਈ ਪ੍ਰਵਾਨਾ ਹੈ ਅਤੇ ਦੂਸਰੀ ਕੁਝ ਹੋਰ। ਇਹ ਦੋਹਰਾ ਮਾਪ ਦੰਡ ਅਪਨਾਉਣ ਦੀ ਕੀ ਲੋੜ ਪੈ ਗਈ ਸੀ।

ਇੱਥੇ ਮੈਂ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਮੈਂ ਭਾਵੇਂ ਰਾਗ ਵਿੱਦਿਆ ਦਾ ਜਾਣੂ ਨਹੀਂ ਹਾਂ, ਪਰ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨ ਅਤੇ ਤੰਤੀ ਸਾਜਾਂ ਦੀ ਵਰਤੋਂ ਕਰਨ ਦਾ ਪੂਰਨ ਤੌਰ ਤੇ ਹਾਮੀ ਹਾਂ। ਮੇਰੀ ਬੇਟੀ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨਾ ਸਿੱਖਣ ਲਈ ਯਤਨਸ਼ੀਲ ਹੈ। ਇੱਕ ਹੋਰ ਗੱਲ ਭੀ ਸਪਸ਼ਟ ਕਰ ਦਿਆਂ ਕਿ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਦੀ ਲਿਖਤ ਅਨੁਸਾਰ ਹਾਰਮੋਨੀਅਮ, ਦਰਬਾਰ ਸਾਹਿਬ ਵਿੱਚ

ਵਰਜਿਤ ਸਾਜ਼ਾਂ ਦੀ ਸੂਚੀ ਵਿੱਚ ਨਹੀਂ ਹੈ। ਇਸ ਲਈ ਦਰਬਾਰ ਸਾਹਿਬ ਦੇ ਸਾਰੇ ਰਾਗੀ ਸਿੰਘਾਂ ਬਾਰੇ 'ਪੇਟੀ ਮਾਸਟਰ' ਦੀ ਸ਼ਬਦਾਵਲੀ ਵਰਤਣ ਤੋਂ ਉਹਨਾਂ ਨੂੰ ਸੰਕੋਚ ਕਰਨਾ ਚਾਹੀਦਾ ਹੈ। ਦਰਬਾਰ ਸਾਹਿਬ ਦੇ ਅੰਦਰ ਕੋਈ ਭੀ ਸੇਵਾ ਬਿਨਾ ਉੱਤਮ ਕਰਮਾਂ ਦੇ ਨਹੀਂ ਮਿਲਦੀ। ਸਿਰਫ ਕੀਰਤਨੀਆ ਦਾ ਹੀ ਨਹੀਂ ਸਭ ਦਾ ਸਤਿਕਾਰ ਕਰਨਾ ਸਾਡਾ ਫਰਜ ਬਣਦਾ ਹੈ।

ਲੇਖਿਕਾ ਕਮਲਜੀਤ ਕੌਰ ਦੇ ਜਨਵਰੀ ਦੇ ਅੰਕ ਵਿੱਚ ਛਪੇ ਲੇਖ ਦੇ ਇਹ ਸ਼ਬਦ ਪੜ੍ਹ ਕੇ ਕਿ, "ਕੀਰਤਨੀਏ ਲਈ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ" ਨੀਲਧਾਰੀ ਜੀ ਇਤਨੀ ਤਲਖੀ ਵਿੱਚ ਆ ਗਏ ਕਿ ਆਪਣੇ ਮਨੋਵੇਗ ਨੂੰ ਰੋਕ ਨਹੀਂ ਸਕੇ। ਆਪ ਜੈਸਾ ਵਿਦਵਾਨ ਅਤੇ ਸੁਘੜ ਸੁਜਾਨ ਲੇਖਕ ਹੀ ਜੇਕਰ ਦਸ਼ਮੇਸ ਪਿਤਾ ਦੀ ਖੰਡੇ ਦੀ ਪਾਹੁਲ ਤੋਂ ਮੁਨਕਰ ਹੋ ਜਾਵੇ ਤਾਂ ਫਿਰ ਉਸ ਤੋਂ ਗੁਰਮਤਿ ਪ੍ਰਚਾਰ ਦੀ ਕਿੰਨੀ ਕੁ ਆਸ ਕੀਤੀ ਜਾ ਸਕਦੀ ਹੈ?

ਮੁਬਾਰਕ ਹੈ ਕਿ ਭਾਈ ਲਾਲ ਜੀ, ਦੇਸ ਦੀ ਵੰਡ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਦੇ ਰਹੇ ਹਨ। ਖਾਲਸਾ ਪੰਥ ਦੇ 300 ਸਾਲਾ ਦਿਵਸ ਤੇ ਉਹਨਾਂ ਨੂੰ ਸਨਮਾਨਿਤ ਕੀਤਾ ਜਾਣਾ ਉਹਨਾਂ ਪ੍ਰਤੀ ਸ਼ੁਭ ਭਾਵਨਾ ਦਾ ਹੀ ਲਖਾਇਕ ਹੈ। ਹੁਣ ਜਦੋਂ ਪੰਥ ਵਲੋਂ ਸਰਬ ਸੰਮਤੀ ਨਾਲ ਇੱਕ ਮਰਯਾਦਾ ਬਣਾ ਲਈ ਗਈ ਹੈ ਤਾਂ ਉਸ ਉੱਤੇ ਕਿੰਤੂ ਪ੍ਰੰਤੂ ਕਰਨ ਦਾ ਕਿਸੇ ਨੂੰ ਕੋਈ ਹਕ ਨਹੀਂ। ਗਲ ਸਹੇ ਦੀ ਨਹੀਂ ਪਹੇ ਦੀ ਹੈ। ਇਹ ਮੇਰੇ ਨਿੱਜੀ ਵਿਚਾਰ ਹਨ। ਵਧੇਰੇ ਜਾਣਕਾਰੀ ਲਈ ਨੀਲਧਾਰੀ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨਾਲ ਸੰਪਰਕ ਕਰ ਸਕਦੇ ਹਨ। ਇਸ ਬਾਰੇ ਜ਼ਿਆਦਾ ਕੁਝ ਕਹਿਣਾ ਮੇਰੇ ਅਖਤਿਆਰ ਤੋਂ ਬਾਹਰ ਦੀ ਗੱਲ ਹੈ।

ਅਖੀਰ ਵਿੱਚ ਮੇਰੀ ਬੇਨਤੀ ਹੈ, ਵਿਦਵਾਨ ਲੇਖਕ ਨੀਲਧਾਰੀ ਜੀ ਨੂੰ ਕਿ ਹਰੇਕ ਅੰਕ ਵਿੱਚ ਇਹ, 'ਮੱਲਾਂ ਵਾਲਾ ਘੋਲ' ਸਾਡੇ ਲਈ ਅਤੇ ਪਾਠਕਾਂ ਲਈ ਕੋਈ ਲਾਹੇਵੰਦ ਸਉਦਾ ਨਹੀਂ। ਨੀਲਧਾਰੀ ਜੀ ਚਾਹੁਣ ਤਾਂ ਅਸੀਂ ਪ੍ਰਸਪਰ ਮਿਲ-ਬੈਠ ਕੇ ਵਿਚਾਰ ਵਿਟਾਂਦਰਾ ਕਰ ਸਕਦੇ ਹਾਂ। ਗੁਰਮਤਿ ਦੀ ਰੋਸ਼ਨੀ ਵਿੱਚ ਉਹਨਾਂ ਦੇ ਹਰ ਇੱਕ ਵਿਚਾਰ ਨੂੰ ਮੰਨਣ ਲਈ ਮੈਂ ਸਚੇ ਦਿਲੋਂ ਬਚਨ-ਬੱਧ ਹਾਂ।

- ***ਕੁਲਦੀਪ ਸਿੰਘ ਮਤਵਾਲਾ***, 2225, ਸੈਕਟਰ: 44-C, ਚੰਡੀਗੜ੍ਹ

★ ਜੁਲਾਈ ਅੰਕ ਵਿੱਚ ਰਬਾਬ ਅਤੇ ਸਰੋਦ ਦਾ ਚਿੱਤਰ ਦੇ ਕੇ ਬਹੁਤ ਚੰਗਾ ਉਪਰਾਲਾ ਕੀਤਾ ਹੈ। ਜਿਨ੍ਹਾਂ ਪਾਠਕਾਂ ਨੇ ਰਬਾਬ ਦਾ ਕੇਵਲ ਨਾਂ ਹੀ ਸੁਣਿਆ, ਉਹਨਾਂ ਨੂੰ ਚਿੱਤਰ ਵਿਖਾ ਕੇ ਸਮਝਾਉਣ ਦਾ ਇਹ ਚੰਗਾ ਤਰੀਕਾ ਹੈ। ਇਸੇ ਤਰ੍ਹਾਂ ਹੋਰ ਸਾਜ਼ਾਂ ਦੇ ਚਿੱਤਰ ਵੀ ਦਿਆ ਕਰੋ।

- ***ਆਵਤ ਸਿੰਘ***, 11/2 ਓਲਡ ਰਾਜਿੰਦਰ ਨਗਰ, ਨਵੀਂ ਦਿੱਲੀ 110060

★ ਅਗਸਤ ਅੰਕ ਵਿੱਚ ਸ੍. ਗੁਰਮੁਖ ਸਿੰਘ ਵਲੋਂ ਦਿੱਤੀ ਦਸਮ ਗ੍ਰੰਥ ਸੰਬੰਧੀ ਜਾਣਕਾਰੀ ਦੇ ਕੇ ਚੰਗਾ ਕੰਮ ਕੀਤਾ ਹੈ। ਸਾਨੂੰ ਪਤਾ ਲੱਗਾ ਹੈ ਕਿ ਦਸਮ ਗ੍ਰੰਥ ਜਿਸ ਬਾਰੇ ਇਤਨੀ ਚਰਚਾ ਚੱਲ ਰਹੀ ਹੈ ਉਸ ਵਿੱਚ ਕੀ ਕੁਝ ਹੈ। ਰਾਗੀ ਭਾਈ ਪਾਲਾ ਸਿੰਘ ਅਤੇ ਭਾਈ ਪਿਆਰਾ ਸਿੰਘ ਜੀ ਦੀਆਂ ਜੀਵਨੀਆਂ ਪ੍ਰੇਰਨਾ ਦਾਇਕ ਹਨ। ਪ੍ਰੋ. ਪਰਮਜੀਤ ਸਿੰਘ ਦੇ ਤਬਲਾਵਾਦਨ ਵਾਲੇ ਲੇਖ ਤੋਂ ਕੀਰਤਨ ਨਾਲ ਤਬਲਾ ਵਜਾਉਣ ਵਾਲਿਆਂ ਨੂੰ ਸਿੱਖਿਆ ਮਿਲਦੀ ਹੈ।

- ***ਮੰਗਤ ਸਿੰਘ ਮਸਤਾਨਾ***, C/o ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ, ਮਲੋਟ 152107

★ 'ਅੰਮ੍ਰਿਤ ਕੀਰਤਨ' ਲਗਾਤਾਰ ਆਉਂਦਾ ਹੈ। ਪੜ੍ਹ ਕੇ ਅਨੰਦ ਮਾਣਦਾ ਹਾਂ। ਆਪਣੇ ਦੋਸਤਾਂ ਨੂੰ ਵੀ ਪੜ੍ਹਨ ਲਈ ਦੇਂਦਾ ਹਾਂ। 'ਅੰਮ੍ਰਿਤ ਕੀਰਤਨ' ਅਤੇ ਅੰਮ੍ਰਿਤ ਕੀਰਤਨ ਟ੍ਰਸਟ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹਾਂ।

- ***ਪਿਆਰਾ ਸਿੰਘ ਦਾਤਾ***, 80/14 ਬੀ, ਮਾਲਵੀਆ ਨਗਰ, ਨਵੀਂ ਦਿੱਲੀ 110017

★ ਮੈਂ ਪਿਛਲੇ ਸਾਲ ਤੋਂ 'ਅੰਮ੍ਰਿਤ ਕੀਰਤਨ' ਦਾ ਮੈਂਬਰ ਹਾਂ। ਮੈਂ 'ਅੰਮ੍ਰਿਤ ਕੀਰਤਨ' ਤੋਂ ਕੁਝ ਸਿਖਿਆ ਹੈ ਅਤੇ ਹੋਰ ਸਿੱਖਣ ਦਾ ਚਾਹਵਾਨ ਹਾਂ। ਮੈਨੂੰ 'ਅੰਮ੍ਰਿਤ ਕੀਰਤਨ' ਬਹੁਤ ਚੰਗਾ ਲਗਦਾ ਹੈ। ਮੈਂ ਹੋਰ ਵੀ ਬਹੁਤ ਮੈਗਜ਼ੀਨਾਂ ਵੇਖੀਆਂ ਹਨ ਪਰ ਮੇਰਾ ਮਨ ਤਾਂ 'ਅੰਮ੍ਰਿਤ ਕੀਰਤਨ' ਨੇ ਮੋਹ ਲਿਆ ਹੈ।

- ***ਸਤਵਿੰਦਰ ਸਿੰਘ***, Elect. Deptt. H.C.L. P.O. Malanj Khand.
Distt. Balaghat 481116 (M.P.)

# ਰੁਕੀਏ, ਸੋਚੀਏ ਫਿਰ ਚਲੀਏ... ਬਿਸਰਾਮ (॥) ਨੂੰ ਪੜ੍ਹੀਏ

**ਰੇਣੁਕਾ ਸਰਬਜੀਤ ਸਿੰਘ**

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ 141002

ਰੁਕੋ, ਦੇਖੋ ਤੇ ਜਾਓ (Stop, Look and Go) ਇਹ ਸ਼ਬਦ ਸੜਕਾਂ ਤੇ ਅਤੇ ਚੌਕਾਂ ਤੇ ਆਮ ਦੇਖੇ ਜਾ ਸਕਦੇ ਹਨ। ਸਚਮੁਚ ਜੇ ਅਜਿਹੀਆਂ ਥਾਵਾਂ ਤੇ ਕੋਈ ਨਾ ਰੁਕੇ ਤੇ ਤੇਜ਼ੀ ਨਾਲ ਭੱਜੀ ਜਾਵੇ ਤਾਂ ਉਸਨੂੰ ਮੁਸ਼ਕਲਾਂ ਆ ਸਕਦੀਆਂ ਹਨ।

ਗੁਰਬਾਣੀ ਪੜ੍ਹਦਿਆਂ ਵੀ ਸਾਨੂੰ ਰੁਕਣ ਦੀਆਂ ਹਦਾਇਤਾਂ ਮਿਲਦੀਆਂ ਹਨ। ਆਮ ਪੰਜਾਬੀ ਵਿੱਚ ਵਾਕ ਦੀ ਸਮਾਪਤੀ ਪਿਛੋਂ ਡੰਡੀ (। ) ਲੱਗੀ ਹੁੰਦੀ ਹੈ ਜਿਸਨੂੰ ਪੂਰਨ ਬਿਸਰਾਮ ਕਹਿੰਦੇ ਹਨ। ਭਾਵ ਵਾਕ ਖਤਮ ਹੈ, ਰੁਕੋ ਤੇ ਫਿਰ ਅਗਲਾ ਵਾਕ ਪੜ੍ਹੋ।

ਪਰ ਗੁਰਬਾਣੀ ਦੀ ਤਾਂ ਕਮਾਲ ਹੀ ਹੈ ਕਿ ਹਰ ਤੁਕ ਪਿਛੋਂ ਦੋ ਡੰਡੀਆਂ (॥ ) ਲੱਗੀਆਂ ਹਨ। ਇਸ ਦਾ ਭਾਵ ਤਾਂ ਇਹੀ ਲਿਆ ਜਾ ਸਕਦੈ ਕਿ ਆਮ ਨਾਲੋਂ ਵੀ ਵੱਧ ਰੁਕੋ, ਸੋਚੋ ਤੇ ਫਿਰ ਅੱਗੇ ਪੜ੍ਹੋ। ਪਰ ਅਸੀਂ ਇਹਨਾਂ ਚਿੰਨ੍ਹਾਂ ਨੂੰ ਸਮਝਦੇ ਨਹੀਂ ਤੇ ਤੇਜ਼ੀ ਨਾਲ ਪਾਠ ਪੜ੍ਹੀ ਜਾਂਦੇ ਹਾਂ।

ਸਾਨੂੰ ਸਭਨਾ ਨੂੰ ਕਮਰਕੱਸੇ ਕਰਕੇ ਇਹ ਪ੍ਰਚਾਰ ਕਰਨਾ ਚਾਹੀਦੈ ਕਿ ਬਿਸਰਾਮ (॥ ) ਨੂੰ ਵੀ ਪੜ੍ਹੀਏ। ਭਾਵ ਬਿਸਰਾਮ (॥ ) ਆਏ ਤਾਂ ਜ਼ਰੂਰ ਰੁਕੀਏ, ਸੋਚੀਏ ਤੇ ਫਿਰ ਚਲੀਏ।

**PAGE SPONSORED BY : AHUJA FAMILY**

C-353, Defence Colony New Delhi 110 024

# ਕਰਉ ਬੇਨੰਤੀਆ

## ਲੋੜੇ ਦਾਖ ਬਿਜਉਰੀਆ

ਪਿਛਲੇ ਦਿਨੀਂ ਇੱਕ ਸੈਮੀਨਾਰ ਹੋਇਆ। ਸੈਮੀਨਾਰ ਦਾ ਉਦੇਸ਼ ਬੜਾ ਚੰਗਾ ਸੀ। ਆਉਣ ਵਾਲੇ ਸਮੇਂ ਲਈ ਕੁਝ ਪ੍ਰੋਗਰਾਮ ਉਲੀਕਣ ਦਾ ਮੰਤਵ ਸੀ। ਕੁਝ ਬੁਲਾਰਿਆਂ ਨੇ ਕੀਮਤੀ ਸੁਝਾਅ ਵੀ ਦਿੱਤੇ। ਪਰ ਬਹੁਤੇ ਸਰੋਤਿਆਂ ਤੇ ਬੁਲਾਰਿਆਂ ਨੇ ਬੀਤੇ ਵਿੱਚ ਹੋ ਚੁੱਕੀਆਂ ਗਲਤੀਆਂ ਦਾ ਵਾਰ ਵਾਰ ਵੇਰਵਾ ਦਿੱਤਾ। ਇੱਕ ਸਮੇਂ ਤਾਂ ਇਹ ਸਮਝਿਆ ਜਾਣ ਲੱਗ ਪਿਆ ਕਿ ਜਿਹੜਾ ਬਹੁਤੀਆਂ ਗਲਤੀਆਂ ਦੱਸੇ, ਨੁਕਤਾਚੀਨੀ ਕਰੇ ਉਹ ਵੱਡਾ ਬੁਲਾਰਾ।

ਅਸੀਂ ਕਈ ਵਾਰ ਸੁਭਾਵਕ ਹੀ ਮਾੜੇ ਸ਼ਬਦ ਬੋਲ ਜਾਂਦੇ ਹਾਂ। ਕਿਸੇ ਦੀ ਨਿੰਦਿਆ, ਕਿਸੇ ਨੂੰ ਝਿੜਕ, ਕਿਸੇ ਨੂੰ ਹੀਣਾ ਦਰਸਾਉਣਾ, ਇਹੋ ਜਿਹਾ ਵਾਤਾਵਰਨ ਤਾਂ ਹਰ ਘਰ, ਹਰ ਦਫਤਰ, ਹਰ ਸਭਾ ਸੁਸਾਇਟੀ ਵਿੱਚ ਨਜ਼ਰ ਆਉਂਦਾ ਹੈ।

ਅਸੀਂ ਇਹ ਭੁੱਲ ਜਾਂਦੇ ਹਾਂ ਕਿ ਸਾਡੇ ਇਹ ਬੋਲ ਸੁਣਨ ਵਾਲੇ ਲਈ ਬੀਜ ਦਾ ਕੰਮ ਕਰਦੇ ਹਨ। ਸਿਆਣੇ ਤਾਂ ਇਹ ਵੀ ਕਹਿੰਦੇ ਹਨ ਕਿ ਬੋਲ ਨੈਗਟਿਵ ਤਰੰਗਾਂ ਬਣ ਜਾਂਦੀਆਂ ਹਨ। ਇਹ ਬੀਜ ਹੀ ਬਿਰਛ ਬਣਦੇ ਹਨ। ਇਹ ਤਰੰਗਾਂ ਆਪਣੇ ਜਿਹੀਆਂ ਹੋਰ ਤਰੰਗਾਂ ਨੂੰ ਇਕੱਠਾ ਕਰਦੀਆਂ ਹਨ ਅਤੇ ਉਹ ਸਾਰਾ ਵਾਤਾਵਰਨ ਹੀ ਮਾੜਾ ਹੋ ਜਾਂਦਾ ਹੈ। ਮਾਨੋ ਸਾਡੇ ਆਸੇ ਪਾਸੇ ਭੂਤ-ਪ੍ਰੇਤਾਂ ਦਾ ਵਾਸਾ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ।

ਜੇ ਅਸੀਂ ਹਰ ਵੇਲੇ ਮਾੜਾ ਹੀ ਮਾੜਾ ਬੋਲੀ ਜਾਈਏ ਤਾਂ ਸਾਡਾ ਅੰਦਰ ਵੀ ਇਹਨਾਂ ਮਾੜੇ ਵਿਚਾਰਾਂ ਨਾਲ ਭਰ ਜਾਂਦਾ ਹੈ। ਜਦੋਂ ਸਾਡੇ ਅੰਦਰ ਮਾੜਾ ਹੋਵੇ ਤਾਂ ਅਸੀਂ ਬਾਹਰ ਚੰਗਾ ਕਿਵੇਂ ਕੱਢ ਸਕਦੇ ਹਾਂ।

ਇਸੇ ਕਰਕੇ ਗੁਰਬਾਣੀ ਕਹਿੰਦੀ ਹੈ: *ਜੋ ਜੀਅ ਹੋਏ ਸੁ ਉਗਵੈ:*

ਜੇ ਅਸੀਂ ਬੀਜਿਆ ਹੀ ਮਾੜਾ ਹੈ ਤਾਂ ਚੰਗੇ ਦੀ ਆਸ ਕਿਵੇਂ ਕਰ ਸਕਦੇ ਹਾਂ। ਫਰੀਦ ਜੀ ਅਜਿਹੇ ਮਨੁੱਖ ਬਾਰੇ ਹੀ ਕਹਿੰਦੇ ਹਨ: *ਲੋੜੇ ਦਾਖ ਬਿਜਉਰੀਆਂ ਕਿਕਰ ਬੀਜੈ ਜਟ। ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟ।*

ਫਿਰ ਜਦੋਂ ਸਾਡੇ ਬੱਚੇ ਜਾਂ ਹੋਰ ਲੋਕ ਸਾਡੇ ਨਾਲ ਮਾੜਾ ਵਰਤਾਉ ਕਰਦੇ ਹਨ ਤਾਂ ਅਸੀਂ ਇਹ ਕਹਿਕੇ ਚੁਪ ਹੋ ਜਾਂਦੇ ਹਾਂ: *ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ।*

ਹੁਣ ਪ੍ਰਸ਼ਨ ਉਠਦਾ ਹੈ ਕਿ ਕੀ ਇਸ ਸਾਰੇ ਕੁਝ ਵਿੱਚ ਸੁਧਾਰ ਹੋ ਸਕਦਾ ਹੈ? ਸਿਆਣੇ ਆਖਦੇ ਹਨ ਕਿ ਸੁਧਾਰ ਹੋ ਸਕਦਾ ਹੈ। ਪਹਿਲਾਂ ਤਾਂ ਸਾਨੂੰ ਨਿਸ਼ਾਨ ਦੇਹੀ ਕਰਨੀ ਚਾਹੀਦੀ ਹੈ ਕਿ ਨੇਗੇਟਿਵ ਵਿਚਾਰ ਕਿਵੇਂ ਫੈਲਦੇ ਹਨ। ਬਹੁਤਾ ਕਰਕੇ ਅਖਬਾਰਾਂ, ਟੀ. ਵੀ. ਸੀਰੀਅਲ, ਫਿਲਮਾਂ ਇਹਨਾਂ ਵਿੱਚ ਨੈਗੇਟਿਵਟੀ ਨੂੰ ਬਹੁਤ ਚਿਤਰਿਆ ਹੁੰਦਾ ਹੈ। ਇਹਨਾਂ 'ਤੋਂ ਬਚਿਆ ਜਾਵੇ। ਫਿਰ ਮੂੰਹ ਵਿੱਚੋਂ ਹਮੇਸ਼ਾਂ ਚੰਗੇ ਬੋਲਾਂ ਅਤੇ ਪਾਜ਼ੇਟਿਵ ਵਿਚਾਰਾਂ ਦਾ ਪ੍ਰਗਟਾਉ ਕੀਤਾ ਜਾਵੇ। ਕਦੀ ਵੀ ਕਿਸੇ ਬਾਰੇ ਵੀ ਬੁਰਾ ਨਾ ਬੋਲਿਆ ਜਾਵੇ। ਕਦੀ ਵੀ ਨਮੋਸ਼ੀ ਵਾਲੀਆਂ ਗੱਲਾਂ ਨਾ ਕੀਤੀਆਂ ਜਾਣ। ਕਈ ਇਹ ਕਹਿਣਗੇ ਕਿ ਕੀ ਅਸੀਂ ਕਿਸੇ ਨੂੰ ਬੁਰਾਈ ਬਾਰੇ ਦੱਸੀਏ ਹੀ ਨਾ.....। ਬੁਰਾਈ ਬਾਰੇ ਇੱਕ ਵਾਰੀ ਦੱਸ ਕੇ ਉਸ ਨੂੰ ਦੂਰ ਕਰਨ ਦਾ ਜਤਨ ਕਰੀਏ। ਨਾ ਕਿ ਬੁਰਾਈ ਨੂੰ ਵਾਰ ਵਾਰ ਦੁਹਰਾ ਕੇ ਹੋਰ ਵੱਡਾ ਕਰੀ ਜਾਈਏ।

ਇੱਕ ਵਿਚਾਰਵਾਨ ਸਾਡੇ ਮਨ ਅਤੇ ਵਿਚਾਰਾਂ ਨੂੰ ਦਾਣਿਆਂ ਦੇ ਭੜੋਲੇ ਜਾਂ ਕੋਠੀ ਨਾਲ ਤੁਲਨਾ ਦਿੰਦਾ ਹੈ। ਉਹ ਕਹਿੰਦਾ ਹੈ ਕਿ ਮੰਨ ਲਓ ਤੁਹਾਡੇ ਮਨ ਰੂਪੀ ਭੜੋਲੇ ਵਿੱਚ ਮਾੜੇ ਵਿਚਾਰਾਂ ਰੂਪੀ ਮਾੜਾ ਅਨਾਜ ਭਰਿਆ ਪਿਆ ਹੈ। ਹੁਣ ਜਦੋਂ ਤੁਸੀਂ ਭੜੋਲੇ ਦੇ ਹੇਠੋਂ ਅਨਾਜ ਕੱਢੋਗੇ ਤਾਂ ਮਾੜਾ ਅਨਾਜ ਨਿਕਲੇਗਾ। ਪਰ ਭੜੋਲੇ ਵਿੱਚ ਜਿਹੜੀ ਜਗ੍ਹਾ ਖਾਲੀ ਹੋਈ ਉਸ ਵਿੱਚ ਤੁਸੀਂ ਚੰਗੇ ਵਿਚਾਰਾਂ ਰੂਪੀ ਚੰਗਾ ਅਨਾਜ ਪਾਉ। ਇਸ ਤਰ੍ਹਾਂ ਇੱਕ ਦਿਨ ਉਸ ਵਿੱਚੋਂ ਚੰਗਾ ਅਨਾਜ ਭਾਵ ਚੰਗੇ ਵਿਚਾਰ ਹੀ ਨਿਕਲਣਗੇ।

ਆਓ ਜਤਨ ਕਰੀਏ ਕਿ ਸੈਮੀਨਾਰਾਂ ਮੀਟਿੰਗਾਂ ਆਦਿ ਵਿੱਚ ਭੰਡੀ ਪ੍ਰਚਾਰ ਦੀ ਬਜਾਇ ਉਸਾਰੂ, ਸੁਹਿਰਦ ਅਤੇ ਪਾਜ਼ੇਟਿਵ ਵਿਚਾਰਾਂ ਦੀਆਂ ਤਰੰਗਾਂ ਵਧ ਤੋਂ ਵਧ ਫੈਲਾਈਏ।

# ਰਾਗ ਤੇ ਰਾਗੀ

## ਗਿਆਨੀ ਸੰਤ ਸਿੰਘ ਮਸਕੀਨ

ਅਲਵਰ, ਰਾਜਸਥਾਨ

ਰਾਗ ਦਾ ਅਰਥ ਹੈ ਖ਼ੁਸ਼ੀ, ਖੇੜਾ, ਪ੍ਰਸੰਨਤਾ ਤੇ ਜਿਸ ਕੋਲ ਇਹ ਖ਼ੁਸ਼ੀ ਖੇੜਾ ਹੋਵੇ ਉਸ ਨੂੰ ਰਾਗੀ ਕਹਿੰਦੇ ਹਨ। ਜਦ ਮਨ ਖ਼ੁਸ਼ੀ ਵਾਸਤੇ ਅੰਦਰ ਥਾਂ ਨਾ ਹੋਵੇ ਤਾਂ ਖ਼ੁਸ਼ੀ ਰਾਗ ਬਣ ਕੇ ਬਾਹਰ ਡੁਲ੍ਹ ਪੈਂਦੀ ਹੈ। ਗਾਉਣਾ ਖ਼ੁਸ਼ੀ ਦਾ ਪ੍ਰਗਟਾਵਾ ਹੈ। ਅਥਾਹ ਦੁੱਖ ਪੀੜਾ ਨਾਲ ਭਰਿਆ ਹਿਰਦਾ ਹੋਵੇ ਤਾਂ ਮਨੁੱਖ ਰੋਵਣ ਲੱਗ ਪੈਂਦਾ ਹੈ। ਭਾਂਡਾ ਜਦ ਭਰ ਜਾਵੇਂ ਵਸਤੂ ਹੋਰ ਪਾਈਏ ਤਾਂ ਬਾਹਰ ਡੁਲ੍ਹਦੀ ਹੈ। ਗਮ, ਦੁੱਖ ਤੇ ਪ੍ਰਸੰਨਤਾ ਖ਼ੁਸ਼ੀ ਨਾਲ ਜਦ ਹਿਰਦਾ ਭਰ ਜਾਵੇ ਤਾਂ ਰੋਣਾ ਤੇ ਗਾਉਣਾ ਕੁਦਰਤੀ ਹੋ ਜਾਂਦਾ ਹੈ। ਮਨ-ਭਾਉਂਦਾ ਪਦਾਰਥ ਕੋਈ ਵਸਤੂ ਜਾਂ ਮਿੱਤਰ ਮਿਲ ਪਏ ਤਾਂ ਖ਼ੁਸ਼ੀ ਨਾਲ ਮਨ ਗਾ ਉਠਦਾ ਹੈ ਜਾਂ ਮਨ ਵਿੱਚ ਕੋਈ ਚਾਹਤ ਹੋਵੇ ਹੀ ਨਾ, ਨਿਰ-ਇਛਤ ਮਨ ਹੋ ਜਾਵੇ ਤਾਂ ਸੰਗੀਤ ਦੀ ਧੁਨ ਪ੍ਰਗਟ ਹੋ ਜਾਂਦੀ ਹੈ। ਰੋਵਣਾ ਤਾਂ ਹਰ ਇੱਕ ਕੋਲ ਹੈ ਪਰ ਗਾਉਣਾ ਕਿਸੇ ਵਿਰਲੇ ਦੇ ਹਿੱਸੇ ਆਇਆ ਹੈ।

ਸੰਗੀਤ ਦਾ ਜਨਮ ਟਿਕੇ ਹੋਏ ਹਿਰਦੇ ਤੋਂ ਹੋਇਆ ਹੈ। ਨਿਹਚਲ ਪ੍ਰਭੂ ਨਾਲ ਜੁੜ, ਭਗਤਾਂ ਦਾ ਮਨ ਵੀ ਨਿਹਚਲ ਹੋ ਜਾਂਦਾ ਹੈ ਤੇ ਉਸ ਨਿਹਚਲ ਹਿਰਦੇ ਵਿੱਚ ਸੰਗੀਤ ਦਾ ਚਸ਼ਮਾ ਫੁਟ ਪੈਂਦਾ ਹੈ। ਸ਼ਾਇਦ ਇਸ ਵਾਸਤੇ ਪ੍ਰਭੂ ਨੂੰ ਰਾਗ ਰੂਪ ਮੰਨਿਆ ਹੈ। ਸੰਖ, ਡਮਰੂ, ਵੀਣਾ, ਮੁਰਲੀ ਤੇ ਇਸ ਤਰ੍ਹਾਂ ਹੋਰ ਸਾਜ਼ ਅਸੀਂ ਮਹਾਂ-ਪੁਰਖਾਂ ਦੇ ਹੱਥਾਂ ਵਿੱਚ ਵੇਖਦੇ ਹਾਂ। ਸਾਜ਼ਾਂ ਤੋਂ ਬਿਨਾਂ ਜੋ ਅੰਦਰ ਸੰਗੀਤ ਦੀ ਧੁਨ ਉਠਦੀ ਹੈ ਜਿਸਦਾ ਜ਼ਿਕਰ ਅਕਸਰ ਭਗਤਾਂ ਨੇ ਕੀਤਾ ਹੈ, ਉਸ ਨੂੰ ਅਨਹਦ ਨਾਦ ਆਖਦੇ ਹਨ। ਜੋ ਦੋ ਵਸਤੂਆਂ ਦੇ ਟਕਰਾਉ ਨਾਲ ਆਵਾਜ਼ ਪੈਦਾ ਹੋਵੇ ਉਸ ਨੂੰ ਆਹਤ ਆਖਦੇ ਹਨ ਤੇ ਜੋ ਟਕਰਾਓ ਤੋਂ ਬਿਨਾਂ ਪੈਦਾ ਹੋਵੇ ਉਹ ਅਨਾਹਦ ਹੈ। ਏਸੇ ਨਾਦ ਦਾ ਜ਼ਿਕਰ ਭਗਤ ਨਾਮਦੇਵ ਜੀ ਨੇ ਕੀਤਾ ਹੈ ਜੋ ਚਮੜੇ ਨਾਲ ਮੜ੍ਹਿਆ ਨਹੀਂ ਹੈ, ਉਹ ਢੋਲ ਮੇਰੇ ਅੰਦਰ ਵੱਜਦਾ ਹੈ:

*ਅਣ ਮੜਿਆ ਮੰਦਲੁ ਬਾਜੈ॥*
*ਬਿਨੁ ਸਾਵਣ ਘਨਹਰੁ ਗਾਜੈ॥*

(ਸੋਰਠ, ਪੰਨਾ 657)

ਮੀਰਾਂ ਅਕਸਰ ਆਪਣੀਆਂ ਸਹੇਲੀਆਂ ਨੂੰ ਕਹਿੰਦੀ ਸੀ ਕਿ ਮੇਰੇ ਅੰਦਰ ਇੱਕ ਧੁਨ ਵੱਜਦੀ ਹੈ। ਇੱਕ ਦਿਨ ਇੱਕ ਤਾਰਾ ਵਜਾ, ਉਸ ਧੁਨ ਨੂੰ ਪ੍ਰਗਟ ਕਰ ਦਿੱਤਾ। ਐਸਾ ਹੀ ਜ਼ਿਕਰ ਸ੍ਰੀ ਕ੍ਰਿਸ਼ਨ ਜੀ ਵੀ ਕਰਦੇ ਸਨ ਤਾਂ ਮੁਰਲੀ ਵਜਾ ਕੇ ਉਸ ਹਿਰਦੇ ਦੀ ਆਵਾਜ਼ ਨੂੰ ਪ੍ਰਗਟ ਕਰ ਦਿੱਤਾ। ਉਸ ਧੁਨ ਦੇ ਪ੍ਰਗਟ ਹੋਣ ਨਾਲ ਜੋ ਵਾਤਾਵਰਨ ਵਿੱਚ ਪਲਟਾ ਆਇਆ ਉਸ ਦਾ ਜ਼ਿਕਰ ਦਸਮ ਗ੍ਰੰਥ ਵਿੱਚ ਇਸ ਤਰ੍ਹਾਂ ਹੈ:

*ਰੂਖਨ ਤੇ ਰਸ ਚੁਵਨ ਲਾਗ,*
*ਝਰੇਂ ਝਰਨਾ ਗਿਰ ਤੇ ਸੁਖਦਾਈ॥*
*ਘਾਸ ਚੁਗੇ ਨ ਮ੍ਰਿਗ ਬਨ ਕੇ,*
*ਖਗ ਰੀਝ ਰਹੈ ਧੁਨ ਜਾ ਸੁਨ ਪਾਈ॥*
*ਦੇਵ ਗੰਧਾਰ ਬਿਲਾਵਲ ਸਾਰੰਗ ਕੀ,*
*ਰੀਝ ਕੇ ਜੇਹਿ ਤਾਨ ਬਸਾਈ॥*
*ਦੇਵ ਸਭੈ ਮਿਲ ਦੇਖਤ ਕੌਤਕ,*
*ਜੋ ਮੁਰਲੀ ਨੰਦ ਲਾਲ ਬਜਾਈ॥*

ਸ਼ਿਵਜੀ ਨੇ ਵੀ ਸਮਾਧੀ ਅੰਦਰ ਜਿਹੜਾ ਨਾਦ ਵਜਦਾ ਸੀ, ਉਹ ਡਮਰੂ ਵਜਾ ਪ੍ਰਗਟ ਕੀਤਾ। ਨਰਸੀ ਭਗਤ ਕਿਦਾਰੇ ਰਾਗ ਦੀ ਧੁਨ ਵਿੱਚ ਮਸਤ ਰਹਿੰਦਾ ਸੀ।

ਤਾਨਸੈਨ ਗਾਉਣ ਲੱਗਿਆਂ ਆਪਣੀ ਸੁੱਧ ਬੁੱਧ ਭੁੱਲ ਜਾਂਦਾ ਸੀ, ਮਾਨੋ ਗਾ ਨਹੀਂ ਰਿਹਾ, ਸੰਗੀਤ ਪ੍ਰਗਟ ਹੋ

ਰਿਹਾ ਹੈ। ਟਿਕੇ ਹੋਏ ਹਿਰਦੇ 'ਚੋਂ ਸੰਗੀਤ ਦੀ ਧੁਨ ਨਿਕਲੀ, ਪਰ ਨਿਰੇ ਸੰਗੀਤ ਵਿੱਚ ਟਿਕਾਉ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਟਿਕਾਓ ਮਿਲਣਾ ਔਖਾ ਹੈ। ਜੇ ਉਸ ਟਿਕੇ ਹੋਏ ਅਕਾਲ ਪੁਰਖ ਨਾਲ ਮਨ ਟਿਕ ਜਾਏ ਤਾਂ ਸੰਗੀਤ ਰਾਗ ਦੇ ਝਰਨੇ ਆਪੇ ਵਗ ਉਠਦੇ ਹਨ ਤੇ ਜਿਸ ਦੇ ਅੰਦਰੋਂ ਰਾਗ ਉਠੇ ਉਸੇ ਨੂੰ ਹੀ ਰਾਗੀ ਆਖਦੇ ਹਨ।

ਸਤੇ ਬਲਵੰਡ ਨੇ ਜਦ ਕੀਰਤਨ ਕਰਨ ਤੋਂ ਇਨਕਾਰ ਕੀਤਾ ਤਾਂ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਰੰਦਾ ਚੁੱਕ ਆਪ ਰਾਗ ਦੀ ਧੁਨ ਅਲਾਪ ਕੀਰਤਨ ਕੀਤਾ।

ਸ਼ਾਂਤ ਅਨੰਦ-ਮਈ ਹਿਰਦਿਆਂ ਵਿੱਚ ਸੰਗੀਤ ਦਾ ਜਨਮ ਹੋਇਆ ਹੈ। ਜ਼ਬਾਨ ਵਿੱਚੋਂ ਨਿਕਲੇ ਅੱਖਰ ਤਰਤੀਬ ਵਿੱਚ ਹੋਣ ਤਾਂ ਕਵਿਤਾ ਦਾ ਜਨਮ ਹੁੰਦਾ ਹੈ। ਕੰਠ ਵਿੱਚੋਂ ਨਿਕਲੀ ਆਵਾਜ਼ ਨੂੰ ਤਰਤੀਬ ਮਿਲੇ ਤਾਂ ਸੰਗੀਤ ਜਨਮ ਲੈਂਦਾ ਹੈ। ਪਰ ਇਹ ਸਭ ਕੁਝ ਤਾਂ ਹੀ ਹੁੰਦਾ ਹੈ ਜੇਕਰ ਜੀਵਨ ਤਰਤੀਬ ਵਿੱਚ ਹੋਵੇ। ਹਿਰਦੇ ਦੇ ਗਹਿਰੇ ਤਲ ਵਿੱਚ ਜਦ ਰਾਗ ਦੀ ਧੁਨ ਉਠਦੀ ਹੈ ਤਾਂ ਸਾਰੀ ਤ੍ਰਿਖਾ ਸ਼ਾਂਤ ਹੋ ਜਾਂਦੀ ਹੈ:

*ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥*

(ਸਲੋਕ ਮ: 5, ਪੰਨਾ 958)

**ਕੀਰਤਨ ਤੇ ਕੀਰਤਨੀਆ** : ਗੁਰੂ ਨਾਨਕ ਦੇਵ ਜੀ ਨੇ ਸੋਦਰ ਦਾ ਜੋ ਸਰੂਪ ਸਾਡੇ ਸਾਹਮਣੇ ਰਖਿਆ ਹੈ। ਉਸ ਦਰ ਦੀ ਵਡਿਆਈ ਸ਼ੋਭਾ ਸਤਿਗੁਰੂ ਰਾਗ ਰਾਗਣੀਆਂ ਤੇ ਸਾਜ਼ ਸਾਜ਼ਿੰਦਿਆਂ ਤੋਂ ਸ਼ੁਰੂ ਕਰਦੇ ਹਨ।

*ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥*
*ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥*

(ਆਸਾ ਮਹਲਾ 1)

ਜਿਸ ਦਰ ਤੇ ਨਿੱਤ ਦੀਆਂ ਖ਼ੁਸ਼ੀਆਂ ਹੋਵਣ ਉੱਥੇ ਰਾਗ ਤੇ ਰਾਗਣੀਆਂ ਦਾ ਹੋਣਾ ਸੁਭਾਵਕ ਹੈ। ਰਾਗ ਦਾ ਸਹੀ ਅਲਾਪ ਅੰਦਰ ਦੀ ਤ੍ਰਿਸ਼ਨਾ ਨੂੰ ਬੁਝਾ ਸ਼ਾਂਤੀ ਬਖ਼ਸ਼ਦਾ ਹੈ:

*ਧੰਨੁ ਸੁ ਰਾਗ ਸੁਰੰਗੜੇ, ਆਲਾਪਤ ਸਭ ਤਿਖ ਜਾਇ॥*

ਰਾਗ ਇੱਕ ਸੁੰਦਰ ਭਾਂਡਾ ਹੈ। ਇਸ ਵਿੱਚ ਜਦ ਗੁਰੂ ਦਾ ਸ਼ਬਦ ਪੈਂਦਾ ਹੈ ਤਾਂ ਇਹ ਕੀਰਤਨ ਬਣ ਜਾਂਦਾ ਹੈ ਤੇ ਕੀਰਤਨ ਪ੍ਰਗਟ ਕਰਨ ਵਾਲੇ ਨੂੰ ਕੀਰਤਨੀਆ ਆਖਦੇ ਹਨ। ਗੁਰੂ ਘਰ ਅੰਦਰ ਕੀਰਤਨੀਏ ਦਾ ਬਹੁਤ ਮਾਣ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਆਪ ਵੀ ਰਾਗਾਂ ਦੇ ਸੁੰਦਰ ਭਾਂਡੇ ਵਿੱਚ ਹਰੀ ਜਸ ਪਰੋਸ ਜਗਤ ਦੇ ਸਾਹਮਣੇ ਰਖਿਆ।

ਕਈ ਮੂਰਖਾਂ ਨੇ ਇਸ ਸੁੰਦਰ ਭਾਂਡੇ ਵਿੱਚ ਬਿਖ ਪਾਈ, ਜਿਸ ਦਾ ਸਦਕਾ ਰਾਗ ਕੀਰਤਨ ਨਾ ਬਣ ਸਕਿਆ ਤੇ ਇਹ ਵੇਸਵਾਵਾਂ ਦੇ ਕੋਠੇ ਦੀ ਰੌਣਕ ਬਣਿਆ। ਸਤਿਗੁਰੂ ਨੇ ਦਸਿਆ ਕਿ ਇਹ ਉਹ ਪਵਿੱਤਰ ਤੇ ਸੁੰਦਰ ਭਾਂਡਾ ਹੈ, ਜਿਸ ਵਿੱਚ ਸਿਰਫ ਹਰੀ ਨਾਮ ਦਾ ਅੰਮ੍ਰਿਤ ਹੀ ਪਾਇਆ ਜਾ ਸਕਦਾ ਹੈ।

*'ਗੁਰੂ ਚਿੰਤਨ'* ਪੁਸਤਕ ਵਿੱਚੋਂ ਧੰਨਵਾਦ ਸਹਿਤ


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com
*Metres and metres of endless possibilities*

Premium Event Centre
Millennium Centre
Deliberations
Abhinandan
Exporama
Mind Set
Art Craft
Phulkari

## ਸੂਖ ਸਹਜ ਆਨੰਦ ਲਹਹੁ
## ਸਾਧ ਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ

**ਰਮੇਸ਼ ਸਿੰਘ**

C-131, Sonari West, Jamshedpur - 831011 (Jharkhand)

*(27/4 ਤੋਂ 25/5/2001 ਤੱਕ ਦਿੱਲੀ-ਦੇਹਰਾਦੂਨ-ਨੋਇਡਾ-ਦਿੱਲੀ ਵਿੱਚ ਹੋਇ ਸਤਿਸੰਗ ਤੇ ਆਧਾਰਿਤ)*

ਬਾਣੀ ਦਾ ਫ਼ੁਰਮਾਨ ਹੈ *"ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ"* (ਪੰਨਾ 618) ਤੇ ਦੂਜੇ ਪਾਸੇ ਇਹ ਵੀ ਕਿਹਾ ਗਇਆ ਹੈ, *"ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ"* (ਪੰਨਾ 651), ਸੁ ਜੇ ਸਤਿਸੰਗਤ ਤੋਂ ਦੂਰ ਰਹਾਂਗੇ ਤਾਂ ਹੋਰ ਮੈਲ ਚਮੁਟੇਗੀ ਕਿਉਂਕਿ *"... ਬਿਨੁ ਸੰਗਤਿ ਮੈਲੁ ਭਰੀਜੈ ਜੀਉ"* (ਪੰਨਾ 95)। ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਅੰਦਰ ਇਹ ਕਿਤੇ ਨਹੀਂ ਲਿਖਿਆ ਕਿ ਉਹ ਖੁਸ਼ਕਿਸਮਤ ਹੈ ਜਿਸਦਾ ਵਡਾ ਬਿਜਨੇਸ ਹੈ, ਜਿਸਦੀ ਕੁਲ ਵਡੀ ਹੈ, ਜਿਸ ਕੋਲ ਬਹੁਤ ਧਨ ਹੈ, ਜਿਸ ਕੋਲ ਵੱਡੀਆਂ-ਵੱਡੀਆਂ ਡਿਗਰੀਆਂ ਹਨ, ਜਿਸਦਾ ਵੱਡਾ ਪਰਿਵਾਰ ਹੈ, ਜਿਸਦੀ ਵੱਡੀ ਪੁਜੀਸ਼ਨ ਹੈ; ਹਾਂ ਇਸ ਗੱਲ ਦਾ ਜਰੂਰ ਤੇ ਵਾਰ-ਵਾਰ ਜਿਕਰ ਹੈ ਕਿ ਉਹ ਬਹੁਤ ਭਾਗਸ਼ਾਲੀ ਹੈ ਜਿਸਨੂੰ ਸਤਿਸੰਗ ਦੇ ਦਾਇਰੇ ਅੰਦਰ ਰਹਿਣਾ ਨਸੀਬ ਹੁੰਦਾ ਹੈ। ਐਸਾ ਕਿਉਂ? ਕਿਉਂਕਿ ਮਨੁੱਖੀ ਜੀਵਨ ਦਾ ਉਦੇਸ਼ ਹੈ, ਨਾਮ ਜਪ ਕੇ ਗੋਬਿੰਦ ਮਿਲਨ ਦਾ ਜੋ ਸਾਨੂੰ ਅਉਸਰ ਮਿਲਿਆ ਹੈ, ਉਸਨੂੰ ਪੂਰਾ ਕਰਨਾ। ਨਾਮ ਦੀ ਇਹ ਦਾਤ ਗੁਰੂ ਤੋਂ ਪ੍ਰਾਪਤ ਹੁੰਦੀ ਹੈ ਤੇ ਗੁਰੂ ਦੀ ਸੰਗਤ ਵਿੱਚ ਸਿੱਖ ਨਾਮ ਦੀ ਪੜਾਈ ਸਿਖਦਾ ਹੈ, ਜਿੰਦਗੀ ਦੀ priorities (ਕਿਹੜਾ ਕੰਮ ਪਹਿਲਾਂ ਕਰਨਾ ਹੈ ਤੇ ਕਿਹੜਾ ਬਾਅਦ ਵਿੱਚ) ਦੀ ਸਮਝ ਪੈਂਦੀ ਹੈ। ਨਾਮ ਕਿਸੇ ਸ਼ਬਦ ਦਾ ਕੇਵਲ ਰਟਨ ਮਾਤਰ ਨਹੀਂ, ਇਹ ਤਾਂ ਇੱਕ ਜੀਵਨ ਜਾਚ ਹੈ, *"ਜੀਵਨੋ ਮੈ ਜੀਵਨ ਪਾਇਆ, ਗੁਰਮੁਖਿ ਭਾਏ ਰਾਮ॥ ਹਰਿ ਨਾਮੋ ਹਰਿ ਨਾਮੁ ਦੇਵੈ, ਮੇਰੈ ਪ੍ਰਾਨਿ ਵਸਾਏ ਰਾਮ"* (ਪੰਨਾ 442), ਜਿਸਨੂੰ ਅਪਨਾਕੇ ਸਿੱਖ ਦਾ ਹਲਤ-ਪਲਤ ਦੋਵੇਂ ਸੰਵਰ ਜਾਂਦੇ ਹਨ:

*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖੁ ਵਡਭਾਗੀ ਹੇ॥*

*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥ ਨਾਨਕ ਸਤਿਗੁਰ ਸਿਖ ਕਉ ਜੀਅ ਨਾਲਿ ਸਮਾਰੈ॥* (ਪੰਨਾ 286)

ਨਾਮ ਧਨ, ਨਾਮ ਦੀ ਜੀਵਨ ਜਾਚ, ਸਿੱਖ ਨੂੰ ਸਦੀਵੀ ਸੁਖ, ਖੇੜਾ, ਸਹਿਜ, ਅਨੰਦ, ਸਗਲ ਸੰਗ ਹਮ ਕੋ ਬਨਿ ਆਈ, ਪਰ ਕਾ ਬੁਰਾ ਨ ਰਾਖਹੁ ਚੀਤ, ਸਭ ਨਾਲ ਪਿਆਰ, ਸਰਬੱਤ ਦਾ ਭਲਾ ਵਰਗੇ ਉਹ ਹੀਰੇ ਮੋਤੀ ਬਖਸ਼ਦੀ ਹੈ ਕਿ ਉਸਦੀ ਜਿੰਦਗੀ ਚੋਂ ਦੁਖ, ਚਿੰਤਾ, ਪਰੇਸ਼ਾਨੀ, ਟੈਂਸ਼ਨ, ਈਰਖਾ, ਸਾੜਾ, ਵੈਰ-ਵਿਰੋਧ, ਹਉਮੈ ਵਰਗੇ ਸਾਰੇ ਕਾਰਣਾਂ ਦੀ ਜੋ ਦੁਖਾਂ ਨੂੰ ਜਨਮ ਦੇਂਦੇ ਹਨ, ਜੜ ਹੀ ਪੁਟੀ ਜਾਂਦੀ ਹੈ।

*ਪਰਮੇਸਰਿ ਦਿਤਾ ਬੰਨਾ ਦੁਖ ਰੋਗ ਕਾ ਡੇਰਾ ਭੰਨਾ* (ਪੰਨਾ 628)

ਫਿਰ ਉਹ ਆਪ ਵੀ ਅਨੰਦ ਵਿੱਚ ਵਿਚਰਦਾ ਹੈ ਤੇ ਅਨੰਦ ਹੀ ਵੰਡਦਾ ਹੈ, ਅਨੰਦ ਦਾ ਵਪਾਰੀ ਹੋਣ ਕਰਕੇ ਉਸਦਾ ਜੀਵਨ ਆਦਰਸ਼ਕ ਮਨੁੱਖੀ ਭਾਈਚਾਰੇ ਦਾ ਪ੍ਰਤੀਕ ਬਣ ਜਾਂਦਾ ਹੈ ਤੇ ਉਸ ਸਾਰੇ ਆਮ ਲੋਕ ਇਹ ਕਹਿਣ ਲਗ ਪੈਂਦੇ ਹਨ:

ਬਸ ਯਿਹੀ ਅਪਰਾਧ ਉਹ ਹਰ ਬਾਰ ਕਰਤਾ ਹੈ।
ਆਦਮੀ ਹੈ ਆਦਮੀ ਸੇ ਪਿਆਰ ਕਰਤਾ ਹੈ।

ਹੈ ਬੜਾ ਨਾਦਾਨ ਵੋਹ ਕਰਤਾ ਹੈ ਯੇਹ ਨਾਦਾਨੀ,
ਬੇਚ ਕਰ ਖੁਸ਼ੀਆਂ ਖਰੀਦੇ ਆਂਖ ਕਾ ਪਾਨੀ।

ਵੋਹ ਬਨਾਨਾ ਚਾਹਤਾ ਹੈ ਸਵਰਗ ਧਰਤੀ ਪਰ,
ਆਦਮੀ ਜਿਸ ਮੇਂ ਰਹੇ ਬਸ ਆਦਮੀ ਬਨਕਰ।

ਹਾਥ ਖਾਲੀ ਹੈ ਮਗਰ ਵਿਆਪਾਰ ਕਰਤਾ ਹੈ,
ਆਦਮੀ ਹੈ ਆਦਮੀ ਸੇ ਪਿਆਰ ਕਰਤਾ ਹੈ।

ਗੁਰੂ ਕਿਰਪਾ ਸਦਕਾ ਉਹ ਜੀਉਂਦੇ ਜੀ ਬੰਧਨਮੁਕਤ ਹੋ ਜਾਂਦਾ ਹੈ, "*ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ*" (ਪੰਨਾ 804), ਉਸਨੂੰ ਇਸ ਧਰਤੀ ਤੇ ਹੀ ਗੁਰੂ ਦੇ ਚਰਨ ਕਮਲਾਂ ਦਾ ਆਸ਼ਰਮ ਪ੍ਰਾਪਤ ਹੋ ਜਾਂਦਾ ਹੈ ਤੇ ਜਦੋਂ ਉਹ ਸੰਸਾਰੀ ਯਾਤਰਾ ਪੂਰੀ ਕਰ ਕੇ ਪ੍ਰਭੂ ਦੀ ਦਰਗਾਹ ਵਿੱਚ ਪਹੁੰਚਦਾ ਹੈ ਤਾਂ ਉਥੇ ਵੀ ਉਸਦਾ ਸੁਆਗਤ ਹੁੰਦਾ ਹੈ- ਸਹੁ ਦੇਖੇ ਪਤਿਆਇ, ਕਿਉਂਕਿ ਉਹ ਆਪਣੀ ਜੀਵਨ ਯਾਤਰਾ ਸਫਲੀ ਕਰਕੇ ਆਇਆ ਹੁੰਦਾ ਹੈ। ਇਸੇ ਲਈ ਗੁਰਮਤਿ ਅੰਦਰ ਸਤਿਸੰਗ ਦੀ ਮਹਾਨਤਾ ਤੇ ਬਹੁਤ ਜੋਰ ਦਿੱਤਾ ਗਿਆ ਹੈ, ਇਸਨੂੰ ਚਾਟਸਾਲ (ਪੜ੍ਹਾਈ ਦਾ ਸਕੂਲ), ਅਸਥਾਨ ਜਗ ਮਗ ਨੂਰ, ਕਿਹਾ ਗਿਆ ਹੈ ਤੇ ਇਸਦੀ ਲੋੜ ਦ੍ਰਿੜ ਕਰਾਈ ਗਈ ਹੈ। ਵੇਖੋ, ਗੁਰੂ ਸਾਹਿਬ ਆਪ ਕਿਵੇਂ ਸਤਿਸੰਗ ਦੀ ਮਹਿਮਾ ਦਰਸਾ ਕੇ ਸਾਨੂੰ ਇਸ ਵਲ ਪ੍ਰੇਰਦੇ ਹਨ:

*ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥* (ਪੰਨਾ 486)

*ਕਹਿ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੇ ਆਹਿ॥* (ਪੰਨਾ 325)

*ਜੋ ਲੋੜਹਿ ਸਦਾ ਸੁਖੁ ਭਾਈ॥ ਸਾਧੂ ਸੰਗਤਿ ਗੁਰਹਿ ਬਤਾਈ॥* (ਪੰਨਾ 1182)

ਸੁ ਵਾਕਈ ਉਹ ਲੋਗ ਭਾਗਸ਼ਾਲੀ ਹਨ ਜਿਨ੍ਹਾਂ ਨੂੰ ਨਿਰੰਤਰ ਸਤਿਸੰਗਤ ਪ੍ਰਾਪਤ ਹੁੰਦੀ ਹੈ।

ਬਗੈਰ discussion (ਵਿਚਾਰ) ਦੇ ਕੋਈ ਪੜ੍ਹਾਈ ਨਹੀਂ ਹੋ ਸਕਦੀ। ਸਿੱਖ ਜਗਤ ਦੀ ਇਹ ਘੋਰ ਬਦਕਿਸਮਤੀ ਹੈ ਕਿ ਗੁਰਬਾਣੀ ਦੇ ਸਪਸ਼ਟ ਆਦੇਸ਼ਾਂ ਦੇ ਬਾਵਜੂਦ ਸਾਡੇ ਧਰਮ ਅਸਥਾਨਾਂ ਤੋਂ ਅੰਮ੍ਰਿਤ ਵੇਲੇ ਸ਼ਬਦ ਵਿਚਾਰ ਸਿੱਖੀ ਪੜ੍ਹਾਈ ਦਾ ਇਹ ਬੁਨਿਆਦੀ ਪੱਖ ਉਡ ਹੀ ਗਿਆ ਹੈ, ਗੁਰ ਉਪਦੇਸ਼ ਤੇ ਅਧਾਰਿਤ ਅਮਲੀ ਜੀਵਨ ਦੇ ਲੋੜ ਦੀ ਤਾਂ ਕਿਤੇ ਗੱਲ ਹੀ ਨਹੀਂ ਸੁਣੀਂਦੀ। ਇਸ ਸੰਬੰਧ ਵਿੱਚ ਗੁਰੂ ਸਾਹਿਬ ਦੇ ਕੁਝ ਫੁਰਮਾਨ:

*ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥*
*ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥*
*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥* (ਪੰਨਾ 2)
ਬਾਬੀਹਾ ਅੰਮ੍ਰਿਤ ਵੇਲੇ ਬੋਲਿਆ ਤਾਂ ਦਰਿ ਸੁਣੀ ਪੁਕਾਰ॥
\- - - - - - - - - - - - - - - - - - -
*ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ॥* (ਪੰਨਾ 1285)
*ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥*
*ਤਿਨ ਕੇ ਮੁਖ ਸਦ ਉਜਲੇ, ਤਿਤੁ ਸਚੈ ਦਰਬਾਰਿ॥* (ਪੰਨਾ 1422)
*ਮਹਾ ਅਨੰਦੁ ਗੁਰ ਸਬਦੁ ਵੀਚਾਰਿ॥* (ਪੰਨਾ 370)
*ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ॥* (ਪੰਨਾ 28)

ਸਾਨੂੰ ਸਿਖਾਣ ਵਾਲੇ ਸਾਡੇ ਪ੍ਰਚਾਰਕਾਂ ਨੇ ਜਾਨੇ/ਅਨਜਾਨੇ ਸਾਨੂੰ ਇਹ ਆਭਾਸ (impression) ਦਿੱਤਾ ਹੈ ਕਿ ਪਾਠ ਕਰਨਾ-ਸੁਨਣਾ, ਕੀਰਤਨ ਕਰਨਾ-ਸੁਣਨਾ, ਗੁਰਦੁਆਰੇ ਜਾਣਾ, ਮੱਥਾ ਟੇਕਣਾ, ਪ੍ਰਭਾਤ ਫੇਰੀਆਂ ਕਢਣਾ, ਇਤਿਆਦਿ ਹੀ ਕਾਫੀ ਹਨ ਧਾਰਮਕ ਬਨਣ ਲਈ; ਨਤੀਜਾ ਇਹ ਹੋਇਆ ਹੈ ਕਿ ਬੇਅੰਤ ਅਖੰਡ ਪਾਠ ਹੋ ਰਹੇ ਹਨ, ਸੁਖਮਨੀ ਸਾਹਿਬ ਦੇ ਪਾਠਾਂ ਦੀਆਂ ਲੜੀਆਂ ਚਲ ਰਹੀਆਂ ਹਨ, ਕੀਰਤਨ ਦਰਬਾਰਾਂ ਦੀ ਭਰਮਾਰ ਹੈ, ਗੁਰਦੁਆਰਿਆਂ ਦੀਆਂ ਆਲੀਸ਼ਾਨ ਬਿਲਡਿੰਗਾਂ ਬਣ ਰਹੀਆਂ ਹਨ, ਸੋਨਾ ਲਗ ਰਿਹਾ ਹੈ, ਸੰਗਮਰਮਰ ਜੜਿਆ ਜਾ ਰਿਹਾ ਹੈ, ਪਰ ਸਾਡੇ ਪੱਲੇ ਕੁਛ ਨਹੀਂ ਪੈ ਰਿਹਾ ਕਿਉਂਕਿ ਅਸੀਂ ਕੇਵਲ ਕਰਮਕਾਂਡਾਂ ਵਿੱਚ ਉਲਝ ਕੇ ਰਹਿ ਗਏ ਹਾਂ। ਸਾਨੂੰ ਗੁਰ ਸ਼ਬਦ ਦੀ ਵੀਚਾਰ ਦੁਆਰਾ ਇਹ ਦ੍ਰਿੜ ਨਹੀਂ ਕਰਾਇਆ ਜਾ ਰਿਹਾ ਕਿ:

*ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥*
*ਪੜੇ ਸੁਨੇ ਕਿਆ ਹੋਈ॥ ਜਉ ਸਹਿਜ ਨ ਮਿਲਿਓ ਸੋਈ॥* (ਪੰਨਾ 655)

(ਪੜਨ, ਸੁਨਣ, ਗਾਉਣ ਦਾ ਕੀ ਲਾਭ ਜੇ ਜਿੰਦਗੀ ਵਿੱਚ ਸਹਿਜ ਨਹੀਂ ਆਇਆ)

*ਤੈ ਨਰ ਕਿਆ ਪੁਰਾਨ ਸੁਨਿ ਕੀਨਾ॥ ਅਨਪਾਵਨੀ ਭਗਤਿ ਨਹੀਂ ਉਪਜੀ ਭੂਖੈ ਦਾਨ ਨ ਦੀਨਾ॥*
(ਪੰਨਾ 1253)

(ਪੁਰਾਣਾਂ ਦੇ ਪਾਠ ਸੁਨਣ ਦਾ ਕੀ ਲਾਭ ਜੇ ਭਗਤੀ ਦ੍ਰਿੜ ਨਹੀਂ ਹੋਈ ਤੇ ਭੁੱਖੇ ਨੂੰ ਭੋਜਨ ਕਰਾਨ ਦੀ ਭਾਵਨਾ ਪੈਦਾ ਨਹੀਂ ਹੋਈ।)

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*

- - - - - - - - - - - - - - - - - -

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥* (ਪੰਨਾ 467)

(ਜੇ ਲੇਖੇ ਦੀ ਇੱਕ ਗੱਲ, ਕਿ ਨਾਮ ਜਪ ਕੇ ਹੀ ਸਾਡਾ ਜੀਵਨ ਸਫਲਾ ਹੋ ਸਕਦਾ ਹੈ, ਪਲੇ ਨਾ ਪਈ ਤਾਂ ਪੜ-ਪੜ ਕੇ ਆਪਣੀ ਆਕੜ ਹੀ ਵਧਾਵਾਂਗੇ, ਇਹ ਝਖਾਂ ਮਾਹਨ ਵਾਂਗ ਹੋ ਕੇ ਰਹਿ ਜਾਏਗਾ।)

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥* (ਪੰਨਾ 491)

(ਕੇਵਲ ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ ਦਾ ਰਟਨ ਕਰਨ ਨਾਲ ਰਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ, ਜਿਸ ਪ੍ਰਭੂ ਦਾ ਨਾਮ ਜਪਦੇ ਹਾਂ, ਉਸ ਵਰਗੇ ਗੁਣ ਪੈਦਾ ਕਰਨੇ ਪੈਣਗੇ ਆਪਣੇ ਅੰਦਰ।)

*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥* (ਪੰਨਾ 10)

(ਬਗੁਲੇ ਵਾਂਗ ਅੱਖਾਂ ਮੀਟ ਕੇ ਸਮਾਧੀ ਲਾਉਣ ਨਾਲ ਗੱਲ ਨਹੀਂ ਬਨਣੀ, ਸੱਤ ਸਮੁੰਦਰਾਂ ਤੇ ਕੇਵਲ ਸ਼ਰੀਰ ਦੇ ਇਸ਼ਨਾਨ ਨਾਲ ਵੀ ਕੁਝ ਨਹੀਂ ਬਨਣਾ, ਜੇ ਮਨ ਸਾਰੀ ਉਮਰ ਵਿਸ਼ਯ-ਵਿਕਾਰਾਂ ਵਿੱਚ ਹੀ ਫਸਿਆ ਰਿਹਾ ਤਾਂ ਕੇਵਲ ਕਰਮਕਾਂਡ ਕਰ ਕੇ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ; ਪ੍ਰਭੂ ਨੂੰ ਪਾਉਣ ਦਾ ਕੇਵਲ ਤੇ ਕੇਵਲ ਇੱਕੋ ਤਰੀਕਾ ਹੈ ਉਸ ਨਾਲ ਪ੍ਰੇਮ ਪਾਉਣਾ।)

ਦੂਜੇ ਪਾਸੇ,

*ਕਿਨਕਾ ਏਕੁ ਜਿਸੁ ਜੀਅ ਬਸਾਵੈ॥ ਤਾ ਕੀ ਮਹਿਮਾ ਗਨੀ ਨ ਆਵੈ॥* (ਪੰਨਾ 262)

(ਜਿਸਨੇ ਗੁਰ ਉਪਦੇਸ਼ ਦੇ ਕਿਣਕੇ ਮਾਤਰ ਨੂੰ ਹਿਰਦੇ ਵਿੱਚ ਵਸਾ ਲਇਆ, ਉਸਦੀ ਮਹਿਮਾ ਨਹੀਂ ਕਹੀ ਜਾ ਸਕਦੀ।)

ਸ਼ਬਦ ਵੀਚਾਰ ਦੀ ਘਾਟ ਕਾਰਣ ਗੁਰੂ ਸੰਦੇਸ਼ ਲੋਕਾਂ ਤਕ ਨਹੀਂ ਪਹੁੰਚ ਰਿਹਾ, ਇਸਦੇ ਫਲਸਰੂਪ ਸਾਡੇ ਧਰਮ ਅਸਥਾਨਾਂ ਤੇ ਅੰਮ੍ਰਿਤਧਾਰੀ ਸਿੰਘਾਂ ਦੇ ਭੇਖ ਵਿੱਚ ਮਨਮੁਖਾਂ ਦਾ ਕਬਜਾ ਹੈ, ਲੜਾਈਆਂ ਦਾ ਜੋਰ ਹੈ, ਗੋਲਕ ਦੇ ਧਨ ਦੀ ਦੁਰਵਰਤੋਂ ਹੈ, ਕੌਮ ਦਿਸ਼ਾਹੀਨ ਹੈ ਕਿਉਂਕਿ ਲੀਡਰ (ਹਰ ਖੇਤਰ ਤੇ ਹਰ ਸਤਰ (level) ਤੇ) "ਅੰਧੇ ਆਗੂ ਦਾ ਪ੍ਰਤੀਕ ਹਨ, ਸਮਾਜ ਵਿੱਚ ਅਸ਼ਾਂਤੀ ਹੈ, ਸਾਡੇ ਘਰਾਂ ਵਿੱਚ ਦੁਖ ਹੈ, ਕਲੇਸ਼ ਹੈ, ਸਾੜਾ ਹੈ, ਸਾਡੀਆਂ ਬੱਚੀਆਂ ਦਾਜ ਦੇ ਲਾਲਚ ਵਿੱਚ ਸਾੜੀਆਂ ਜਾ ਰਹੀਆਂ ਹਨ, ਸ਼ਾਦੀਆਂ ਟੁਟ ਰਹੀਆਂ ਹਨ, ਸਾਡੇ ਬੱਚੇ ਸਿੱਖੀ ਤੋਂ ਦੂਰ ਹੋ ਰਹੇ ਹਨ, ਉਹ ਸਾਡੀ hypocrisy (ਅੰਦਰੋਂ ਹੋਰ ਬਾਹਰੋਂ ਹੋਰ- ਬਾਹਰੋਂ ਵਾਹਿਗੁਰੂ, ਵਾਹਿਗੁਰੂ ਕਰਦੇ ਹਾਂ ਤੇ ਅੰਦਰ ਕਪਟ ਨਾਲ ਭਰੇ ਹਾਂ, ਪ੍ਰਭੂ ਨਾਲ ਕੋਈ ਪਿਆਰ ਨਹੀਂ ਮਾਇਆ ਵਿੱਚ ਗੜੁੰਦ ਹਾਂ ਅੰਦਰੋਂ ਤੇ ਬਾਹਰੋਂ ਸ਼ਬਦ ਪੜ੍ਹਦੇ ਹਾਂ, "*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ*" (ਪੰਨਾ 96) ਤੋਂ ਇਤਨਾ ਦੁਖੀ ਹੋ ਚੁੱਕੇ ਹਨ ਕਿ ਗੁਰਦੁਆਰੇ ਵੀ ਜਾਣਾ ਨਹੀਂ ਚਾਹੁੰਦੇ। ਸਾਡੀ ਨਾਲਾਇਕੀ ਦੀ ਹਦ ਵੇਖੋ, ਗੁਰੂ ਹੁਕਮਾਂ ਦੇ ਉਲਟ ਦੂਜੇ ਧਰਮਾਂ ਤੇ ਧਰਮ ਵਾਲਿਆਂ ਨੂੰ inferior (ਨੀਵਾਂ) ਸਮਝਦੇ ਹਾਂ, ਸਾਡੀ ਧਾਰਮਕਤਾ ਬਸ ਇਸ ਵਿੱਚ ਸਿਮਟ ਕੇ ਰਹਿ ਗਈ ਹੈ ਕਿ ਕੜਾਹ ਪਰਸ਼ਾਦ ਨੂੰ ਕਿਰਪਾਨ ਕਿਸ ਵੇਲੇ ਭੇਟ ਕਰਨੀ ਹੈ, ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿੱਚ ਏਅਰ ਕੰਡੀਸ਼ਨਰ ਲੱਗਾ ਹੈ ਨਹੀਂ, ਗਰਮੀਆਂ ਨੂੰ ਪਤਲੇ ਤੇ ਸਰਦੀਆਂ ਨੂੰ ਮੋਟੇ ਰੁਮਾਲੇ ਚੜਾਣੇ ਹਨ- ਜਿਵੇਂ ਗੁਰੂ ਵੀ ਕੋਈ ਬੰਦਾ ਹੈ; "*ਸਤਿਗੁਰੁ ਹੈ ਗਿਆਨ...*" (ਪੰਨਾ 1069) ਭੁਲ ਹੀ ਗਏ ਹਾਂ- ਗੁਰੂ ਗ੍ਰੰਥ ਸਾਹਿਬ ਨੂੰ ਫੁਲ ਚੜਾ ਕੇ ਫਿਰ ਉਸਨੂੰ ਪਗੜੀ ਵਿੱਚ ਰਖ ਲੈਣਾ, ਗੋਲਕ ਵਿੱਚ ਤੇ ਵਾਜੇ ਤੇ ਪੈਸੇ ਰਖਣੇ, ਸਿਰੋਪਾ ਲੈਣਾ-ਦੇਣਾ ਅਰਦਾਸ ਕਰਨ ਲਈ ਖੜੇ ਭਾਈ ਸਾਹਿਬ ਦੇ ਹਥ ਵਿੱਚ ਪੈਸੇ ਪਕੜਾਣੇ, ਪਾਲਕੀ ਦੇ ਪਾਵੇ ਘੁਟਣੇ, ਪੈਸੇ ਨਾਲ ਅਖੰਡ ਪਾਠ ਕਰਵਾਣੇ, ਇਤਿਆਦਿ। ਅਸੀਂ ਉਕਾ ਹੀ ਭੁਲ ਗਏ ਹਾਂ ਕਿ ਸਿੱਖੀ ਦਾ ਮਹਿਲ ਅਮਲ ਤੇ ਖੜਾ ਹੈ, ਜੇ ਨਾਮ ਅਧਾਰਿਤ ਅਮਲੀ ਜੀਵਨ ਨਹੀਂ ਤਾਂ ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਕਰਮਕਾਂਡ ਬਣ ਕੇ ਰਹਿ ਜਾਏਗਾ। ਤੇ ਕਰਮਕਾਂਡ ਗੁਰੂ ਨੂੰ ਬਿਲਕੁਲ ਪਸੰਦ ਨਹੀਂ:

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*

- - - - - - - - - - - - - - - - - - - -

*ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥*

*ਬੇਦ ਕਤੇਬ ਸਿਮ੍ਰਿਤ ਸਭਿ ਸਾਸਤ ਇਨ ਪੜ੍ਹਿਆ ਮੁਕਤਿ ਨ ਹੋਈ॥* (ਪੰਨਾ 747-748)

ਗੁਰੂ ਦਾ ਉਪਦੇਸ਼ ਤੇ ਧਰਮ ਦਾ ਮਾਰਗ ਤਾਂ ਅੰਦਰਲੀ ਯਾਤਰਾ ਹੈ, ਸਾਡੇ ਮਨ ਨੂੰ ਸੋਧਣ ਦਾ ਉਪਰਾਲਾ ਹੈ; ਮਨ ਨੂੰ ਵਿਸ਼ਯ ਵਿਕਾਰਾਂ ਤੋਂ ਹਟਾ ਕੇ ਗੁਰੂ ਦੀ ਸਿੱਖਿਆ ਤੇ ਢਾਲਣਾ ਹੈ:

i) *ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥* (ਪੰਨਾ 102)

ii) *ਜੋ ਗੁਰਿ ਦੀਆ ਸੁ ਮਨ ਕੈ ਕਾਮਿ॥* (ਪੰਨਾ 177)

iii) *ਇਸੁ ਮਨੁ ਕਉ ਕੋਈ ਖੋਜਹੁ ਭਾਈ॥* (ਪੰਨਾ 330)

iv) *ਬਿਨੁ ਗੁਰ ਸਬਦੈ ਮਨੁ ਨਹੀ ਠਉਰਾ॥*
*ਸਿਮਰਹੁ ਰਾਮ ਨਾਮੁ ਅਤਿ ਨਿਰਮਲੁ, ਅਵਰ ਤਿਆਗਹੁ ਹਉਮੈ ਕਉਰਾ॥* (ਪੰਨਾ 415)

v) *ਮਨ ਕਰਿ ਕਬਹੂ ਨ ਹਰਿ ਗੁਨ ਗਾਇਓ॥*
*ਬਿਖਿਆ ਸਕਤਿ ਰਹਿਓ ਨਿਸਿ ਬਾਸੁਰ, ਕੀਨੋ ਅਪਨੋ ਭਾਇਓ॥* (ਪੰਨਾ 1231-32)

vi) *ਪ੍ਰਭ ਕਿਰਪਾ ਤੇ ਮਨ ਵਸਿ ਆਇਆ॥*
*ਨਾਨਕ ਗੁਰਮਖਿ ਤਰੀ ਤਿਨਿ ਮਾਇਆ॥* (ਪੰਨਾ 385)

vii) *ਮਨ ਮੇਰਿਆ ਅੰਤਰਿ ਤੇਰੇ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ॥* (ਪੰਨਾ 569)

viii) *ਸਾਧੋ ਮਨ ਕਾ ਮਾਨੁ ਤਿਆਗਉ॥*
*ਕਾਮ ਕ੍ਰੋਧ ਸੰਗਤਿ ਦੁਰਜਨ ਕੀ, ਤਾ ਤੇ ਅਹਿਨਿਸਿ ਭਾਗਉ॥* (ਪੰਨਾ 219)

ix) *ਮਨ ਰੇ ਕਹਾ ਭਇਓ ਤੈ ਬਉਰਾ॥*
*ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ॥* (ਪੰਨਾ 220)

x) *ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥* (ਪੰਨਾ 448)

ਪ੍ਰਭੂ ਕਿਰਪਾ ਸਦਕਾ ਸਤਿਸੰਗ ਦੌਰਾਨ ਗੁਰਬਾਣੀ ਦੀ ਇੱਕ-ਇੱਕ ਤੁਕ ਨੂੰ ਖੋਲ ਕੇ ਵਿਚਾਰਿਆ ਜਾਂਦਾ ਤੇ ਦੈਨਿਕ ਜੀਵਨ ਦੀਆਂ ਉਦਾਹਰਣਾਂ ਰਾਹੀਂ ਮੌਜੂਦਾ ਭੌਤਿਕ ਤੇ ਪਦਾਰਥਵਾਦੀ ਮਾਹੌਲ ਅੰਦਰ ਇਸਦੀ ਸਾਰਥਕਤਾ ਤੇ ਲੋੜ ਤੇ ਜੋਰ ਦੇ ਕੇ ਇਸਨੂੰ ਅਮਲੀ ਜੀਵਨ ਦਾ ਆਧਾਰ ਬਣਾ ਕੇ ਸਦੀਵੀ ਸੁਖ ਪ੍ਰਾਪਤ ਕਰਨ ਦਾ ਸੂਤਰ *"ਹਰਿ ਕੋ ਨਾਮੁ ਸਦਾ ਸੁਖਦਾਈ"*... (ਪੰਨਾ 1008) ਦ੍ਰਿੜ ਕਰਾਇਆ ਜਾਂਦਾ। ਸਤਿਸੰਗ ਦੇ ਦੋ session ਤਾਂ ਜਰੂਰ ਲਗਦੇ -ਪਹਿਲਾ ਅੰਮ੍ਰਿਤ ਵੇਲੇ 4:30 ਤੋਂ 6, ਤੇ ਦੂਜਾ ਸ਼ਾਮ ਨੂੰ 6:30 (ਜਾਂ 6:45) ਤੋਂ 8 ਵਜੇ ਤਕ- ਇਸ ਤੋਂ ਇਲਾਵਾ ਵੀ ਦਿਨੇ ਗੁਰਮਤਿ ਵਿਚਾਰ ਬੈਠਕਾਂ ਹੁੰਦੀਆਂ। ਕੀਰਤਨ ਬਿਲਕੁਲ ਸਿੰਪਲ ਹੁੰਦਾ ਪਰ ਨਾਲ ਡੂੰਘੀਆਂ ਵਿਚਾਰਾਂ ਜ਼ਰੂਰ ਹੁੰਦੀਆਂ ਤਾਂ ਜੋ ਸਾਰੀ ਸੰਗਤ ਗੁਰੂ ਦੀ ਸਿਖਿਆ -ਸਾਡੀ ਜ਼ਿੰਦਗੀ ਦਾ ਸਿਲੇਬਸ/ਪੜ੍ਹਾਈ- ਸਮਝ ਸਕੇ ਤੇ ਜੀਵਨ ਵਿੱਚ ਉਸਨੂੰ ਢਾਲਣ ਦੀ ਲੋੜ ਤੋਂ ਚੰਗੀ ਤਰ੍ਹਾਂ ਵਾਕਿਫ ਹੋ ਸਕੇ। ਇਹ ਵਾਰ-ਵਾਰ ਕਿਹਾ ਜਾਂਦਾ ਕਿ ਪੜਨਾ-ਸੁਨਣਾ ਜਰੂਰੀ ਹੈ, ਪਰ ਇਹ ਕਾਫੀ ਨਹੀਂ, ਜੇ ਅਮਲ ਨਹੀਂ ਕਰਾਂਗੇ ਤਾਂ ਸਾਰਾ ਪ੍ਰਯਾਸ ਅਸਫਲ ਹੋ ਕੇ ਰਹਿ ਜਾਏਗਾ। ਹਰ session ਲਈ ਇੱਕ ਵਿਸ਼ੇਸ਼ ਵਿਸ਼ਾ ਹੁੰਦਾ ਹੈ ਤੇ ਉਸਨੂੰ ਆਧਾਰ ਬਣਾ ਕੇ ਗੁਰਬਾਣੀ ਰਾਹੀਂ cross references (ਪਰਮਾਣ) ਦੇ ਕੇ ਉਸਦਾ ਖੁਲਾਸਾ ਕੀਤਾ ਜਾਂਦਾ ਤੇ ਆਮ ਘਰੇਲੂ ਜੀਵਨ ਦੇ ਉਦਾਹਰਣ ਦੇ ਕੇ ਉਸਨੂੰ ਸਮਝਾਇਆ ਜਾਂਦਾ। ਇਸ ਤਰੀਕੇ ਦਾ ਕਾਰਗਰਪੁਣਾ ਉਦੋਂ ਸਾਹਮਣੇ ਆਇਆ ਜਦੋਂ ਜੁਆਨ ਬੱਚੇ-ਬੱਚੀਆਂ ਵੀ ਅੰਮ੍ਰਿਤ ਵੇਲੇ ਆਉਣ ਲੱਗੇ, ਉਨ੍ਹਾਂ ਅੰਦਰ ਗੁਰਮਤਿ ਦਾ ਸ਼ੌਕ ਜਾਗਿਆ, ਉਹ ਕਈ ਤਰ੍ਹਾਂ ਦੇ ਸੁਆਲ ਪੁਛਦੇ ਤੇ ਗੁਰਸਿੱਖੀ ਜੀਵਨ ਧਾਰਣ ਕਰਨ ਦੀ ਰੁਚੀ ਵਿਖਾਣ ਲਗੇ। ਜਦੋਂ ਉਹ ਸੁਣਦੇ ਕਿ-

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*

*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥* (ਪੰਨਾ 253)

ਤਾਂ ਉਨ੍ਹਾਂ ਦਾ ਦੁਨਿਆਵੀ ਬਿਊਟੀ ਪਾਰਲਰ ਤੇ ਧੱਕੇ ਖਾ-ਖਾ ਕੇ ਮਿਸ ਵਰਲਡ ਬਨਣ ਦਾ ਭਰਮ ਟੁਟਦਾ। ਗੁਰੂ ਦੀ ਸਿਖਿਆ, *"ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ"* (ਪੰਨਾ 278), ਉਨ੍ਹਾਂ ਨੂੰ ਇਸ ਦੌੜ ਤੋਂ ਦੂਰ ਰਹਿਣ ਤੇ ਸਹੀ ਸੁੰਦਰਤਾ *"ਸੇਈ ਸੁੰਦਰ ਸੋਹਣੇ॥ ਸਾਧ ਸੰਗੇ ਜਿਨ ਬੈਹਣੇ"*... (ਪੰਨਾ 132) ਧਾਰਣ ਕਰਣ ਵਲ ਪ੍ਰੇਰਦੀ। ਉਨ੍ਹਾਂ ਨੂੰ ਇਸ ਸਚਾਈ ਦਾ ਪਤਾ ਲਗਦਾ ਕਿ ਦੁਨਿਆਵੀ ਪਦਾਰਥਕ ਦੌੜ ਵਿੱਚ ਸ਼ਾਮਲ ਹੋ ਕੇ ਜੇ ਅਤਿ ਸੁੰਦਰ, ਵਡੀ ਕੁਲ ਵਾਲੇ, ਮਹਾਗਿਆਨੀ, ਧਨਾਢ, ਬਣ ਵੀ ਗਏ ਤਾਂ ਵੀ ਗੁਰੂ ਦੀਆਂ ਨਜ਼ਰਾਂ ਵਿੱਚ ਲਾਸ਼ ਹੀ ਰਹਾਂਗੇ ਜੇ ਪ੍ਰਭੂ ਨਾਲ ਪਿਆਰ ਨਹੀਂ ਪਾਇਆ। ਇੱਕ ਈਸਾਈ ਵਿਚਾਰ ਹੈ ਕਿ "ਜਿਹੜਾ ਬੰਦਾ ਪ੍ਰਭੂ ਨਾਲੋਂ ਵਧ ਪਿਆਰ ਪ੍ਰਭੂ ਦੀਆਂ ਬਣਾਈਆਂ ਚੀਜਾਂ ਨਾਲ ਕਰਦਾ ਹੈ ਉਸਨੂੰ ਸਿਵਾਇ ਅਸ਼ਾਂਤੀ, ਡਰ ਤੇ ਬੇਚੈਨੀ ਦੇ ਕੁਝ ਨਹੀਂ ਮਿਲੇਗਾ, ਉਸਨੂੰ ਪਤਾ ਲਗੇ ਯਾ ਨਾ, ਉਹ ਆਪਣੇ ਵਿਨਾਸ਼ ਦੀ ਯੋਜਨਾ ਬਣਾ ਰਿਹਾ ਹੈ", ਤੇ ਅਸੀਂ ਸਾਰੀ ਜ਼ਿੰਦਗੀ ਅਪੁਨੇ ਵਿਨਾਸ਼ ਦੀ ਯੋਜਨਾ ਬਣਾਂਦੇ ਰਹਿੰਦੇ ਹਾਂ ਜੇ ਪ੍ਰਭੂ ਨੂੰ ਆਪਣੀ ਜ਼ਿੰਦਗੀ ਵਿੱਚ ਸਭ ਤੋਂ ਉਪਰ ਨਹੀਂ ਰਖਦੇ। ਗੁਰਬਾਣੀ ਵੀ ਸਾਨੂੰ ਇਸ ਪਖੋਂ ਸੁਚੇਤ ਕਰਦੀ ਹੈ:

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥*
(ਪੰਨਾ 2)

(ਜੇ ਪ੍ਰਭੂ ਕਿਰਪਾ ਦੇ ਪਾਤਰ ਨਹੀਂ ਬਣੇ ਤਾਂ ਸਾਰੀ ਦੁਨਿਆਵੀ ਵਡਿਆਈ ਕਿਸੇ ਅਰਥ ਨਹੀਂ)

*ਨਾਮ ਬਿਸਾਰਿ ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ॥* (ਪੰਨਾ 240)
*ਨਾਮ ਬਿਨਾ ਜੇਤਾ ਬਿਉਹਾਰੁ॥ ਜਿਉ ਮਿਰਤਕ ਮਿਥਿਆ ਸੀਗਾਰੁ॥* (ਪੰਨਾ 240)

(ਨਾਮ ਨੂੰ ਵਿਸਾਰ ਕੇ ਜੋ ਕੁਛ ਵੀ ਕਰਦੇ ਹਾਂ ਫਿਜ਼ੂਲ ਹੈ ਤੇ ਕਦੇ ਸੁਖ ਨਹੀਂ ਦੇ ਸਕਦਾ।)

*ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥* (ਪੰਨਾ 1287)

(ਜਿਵੇਂ-ਜਿਵੇਂ ਸ਼ਰੀਰਕ ਭੋਗਾਂ ਵਿੱਚ ਫਸਾਂਗੇ ਤਿਵੇਂ-ਤਿਵੇਂ ਦੁਖ ਵਧਦੇ ਜਾਣਗੇ)

*ਦੁਖੀ ਦੁਨੀ ਸਹੇੜੀਐ, ਜਾਇ ਤ ਲਗਹਿ ਦੁਖ॥*
*ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥* (ਪੰਨਾ 1287)

(ਦੁਨੀਆਦਾਰੀ ਵਿੱਚ ਫਸਣ ਦਾ ਮਤਲਬ ਹੈ ਦੁਖ ਸਹੇੜਨੇ, ਨਾਮ ਇਹ ਗੱਲ ਸਮਝਾਏਗਾ ਕਿ ਦੁਨੀਆ ਵਿੱਚ ਰਹਿਣਾ ਹੈ ਪਰ ਇਸ ਵਿੱਚ ਫਸਣਾ ਨਹੀਂ, ਫਸਾਂਗੇ ਤਾਂ ਭੁੱਲ ਲਗੇਗੀ -ਪਦਾਰਥਾਂ ਦੀ ਵਡਿਆਈ ਦੀ, ਸ਼ੁਹਰਤ ਦੀ... -ਜੋ ਸਾਡੇ ਦੁੱਖਾਂ ਦਾ ਕਾਰਣ ਬਣੇਗੀ ਕਿਉਂਕਿ ਤ੍ਰਿਸ਼ਨਾ ਨਾਮ ਤੋਂ ਬਗੈਰ ਕਦੇ ਖਤਮ ਨਹੀਂ ਹੁੰਦੀ)

ਕਈ ਉਦਾਹਰਣ ਵਿਚਾਰੇ ਜਾਂਦੇ ਕਿ ਕਿਵੇਂ ਕਰੋੜਪਤੀ ਘਰਾਂ ਵਿੱਚ, ਵਡੇ ਸਕੂਲਾਂ-ਕਾਲਜਾਂ ਵਿੱਚ ਪੜ੍ਹ ਕੇ ਵੀ, ਵੱਡੀਆਂ ਪੁਜੀਸ਼ਨਾਂ ਤੇ ਬੈਠੇ ਲੋਕ ਵੀ ਦੁਖੀ ਹਨ ਤੇ ਨਾਮ ਨਹੀਂ, ਤੇ ਦੂਜੇ ਪਾਸੇ ਗਰੀਬੀ ਵਿੱਚ ਵਿਚਰਣ ਵਾਲੇ ਸਾਧਾਰਣ ਲੋਕ ਹਰ ਵੇਲੇ ਸੁਖ, ਸ਼ਾਂਤੀ, ਅਨੰਦ ਤੇ ਸੁਖ-ਸਹਿਜ ਦੇ ਮੇਲੇ ਵਿੱਚ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੇ ਨਾਮ ਨੂੰ ਜੀਵਨ ਦਾ ਅਧਾਰ ਬਣਾਇਆ ਹੈ।

ਸਤਿਸੰਗ ਵਿੱਚ ਸਭ ਤੋਂ ਪਹਿਲੀ ਗੱਲ ਜੋ ਸਮਝ ਆਉਂਦੀ ਹੈ ਉਹ ਹੈ ਮੈਂ, ਮੇਰੀ, ਆਪਾ ਭਾਵ, ਹਉਮੈ, ਦਾ ਤਿਆਗ ਕਰਨਾ, ਨਿਮਰਤਾ ਭਾਵ ਅਪਨਾਨਾ ਤੇ ਖੁਦ ਨੂੰ ਸਭ ਤੋਂ ਨੀਵਾਂ ਜਾਨਣਾ, ਇਤਿਆਦਿ। ਇਸ ਬਗੈਰ ਗੱਲ ਬਣਦੀ ਨਹੀਂ, ਇਹੀ ਕਾਰਣ ਹੈ ਕਿ ਸਾਰੀ ਜ਼ਿੰਦਗੀ ਗੁਰਦੁਆਰੇ ਜਾ ਕੇ ਤੇ ਪਾਠ ਕਰ ਕੇ ਵੀ ਪ੍ਰਭੂ ਮਾਰਗ ਤੇ ਅਸੀਂ ਅੱਗੇ ਨਹੀਂ ਵਧਦੇ ਕਿਉਂਕਿ ਮੈਂ, ਮੇਰੀ, ਨਹੀਂ ਛਡਦੇ। ਸਤਿਸੰਗ ਵਿੱਚ ਜਦੋਂ 'ਮੈਂ' ਨੂੰ ਚੋਟਾਂ ਪੈਂਦੀਆਂ ਹਨ ਤਾਂ ਬੰਦੇ ਨੂੰ ਬੜੀ ਪੀੜਾ ਹੁੰਦੀ ਹੈ; ਦੁਨੀਆਂ ਦੇ ਹਿਸਾਬ ਨਾਲ ਕੁਝ ਬਣ ਚੁਕਾ ਮਨੁੱਖ ਜਦ ਇਹ ਪੜਾਈ ਸਿਖਦਾ ਹੈ ਕਿ ਉਹ ਸਭ ਤੋਂ ਬੁਰਾ ਹੈ, ਸਭ ਤੋਂ ਨੀਵਾਂ ਹੈ, ਸਾਰੇ ਉਸ ਤੋਂ ਚੰਗੇ ਹਨ, ਤਾਂ ਆਪਣੇ ਆਪਨੂੰ ਇਸ ਸਾਂਚੇ ਵਿੱਚ ਢਾਲਣ ਲਈ ਉਸਨੂੰ ਇੱਕ ਨਵਾਂ ਜਨਮ ਲੈਣਾ ਪੈਂਦਾ ਹੈ, ਮਨ ਨਾਲ ਜੂਝਣਾ ਪੈਂਦਾ ਹੈ। ਮਨ ਨੂੰ ਮਾਰਨਾ ਕੋਈ ਸੌਖਾ ਕੰਮ ਨਹੀਂ, ਜਨਮਾਂ-ਜਨਮਾਂ ਦਾ ਪ੍ਰਭੂ ਤੋਂ ਟੁਟਿਆ ਮਨ ਹਾਥੀ ਵਰਗਾ ਬਣ ਚੁੱਕਾ ਹੁੰਦਾ ਹੈ ਉਸਨੂੰ ਸਾਰਿਆਂ ਦੀ ਚਰਣ ਧੂੜ ਬਨਾਣਾ ਬਗੈਰ ਸਤਿਸੰਗ (ਗੁਰੂ ਕਿਰਪਾ) ਦੇ ਸੰਭਵ ਨਹੀਂ। ਸਤਿਸੰਗ ਵਿੱਚ ਸਿੱਖ ਪਹਿਲਾਂ ਇਹ ਅਹਿਸਾਸ ਕਰਦਾ ਹੈ

ਕਿ ਉਸਨੂੰ ਪੰਜਾਂ ਚੋਰਾਂ ਨੇ ਕਾਬੂ ਕੀਤਾ ਹੋਇਆ ਹੈ, "ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥ ਖੇਦ ਕਰਹਿ ਅਰੁ ਬਹੁਤ ਸੰਤਾਵਹਿ ਆਇਓ ਸਰਨਿ ਤੁਹਾਰੇ॥" (ਪੰਨਾ 205-6), ਫਿਰ ਉਹ ਉਨ੍ਹਾਂ ਤੋਂ ਬਚਣ ਦੀ ਅਰਦਾਸ ਤੇ ਤਰੀਕਾ ਸਿਖਦਾ ਹੈ:

ਅਰਦਾਸ: *ਰਾਖ ਪਿਤਾ ਪ੍ਰਭੁ ਮੇਰੇ॥ ਮੋਹਿ ਨਿਰਗੁਨੁ ਸਭ ਗੁਣ ਤੇਰੇ॥* (ਪੰਨਾ 205)
*ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥...* (ਪੰਨਾ 710)
ਤਰੀਕਾ: *ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥*
*ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥* (ਪੰਨਾ 206)
ਫਲ: *ਜੀਤ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥*
*ਕਹੁ ਨਾਨਕ ਭਇਆ ਪਰਗਾਸਾ ਪਾਇਆ ਪਦ ਨਿਰਬਾਣੀ॥* (ਪੰਨਾ 206)

ਸਤਿਸੰਗ ਵਿੱਚ ਹੀ ਸਿੱਖ ਨੂੰ ਆਪਣੀ littleness (ਕਮਜ਼ੋਰੀ) ਦਾ ਅਹਿਸਾਸ ਹੁੰਦਾ ਹੈ ਜਦੋਂ ਉਹ ਇਨ੍ਹਾਂ ਪੰਜਾਂ ਚੋਰਾਂ ਅੱਗੇ ਵਾਰ-ਵਾਰ ਢਹਿ ਪੈਣ ਦੀ ਆਪਣੀ ਮਜਬੂਰੀ ਤੋਂ ਵਾਕਿਫ ਹੁੰਦਾ ਹੈ:

*ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ॥*
*ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ॥* (ਪੰਨਾ 855-56)

ਨਾਲ ਹੀ ਉਹ ਦਇਆਲ, ਕਿਰਪਾਲ, ਪ੍ਰਭੂ ਪਿਤਾ ਦੀ ਰਹਿਮ ਕਰਨ ਦੀ ਬਿਅੰਤ ਸਮਰਥਾ ਤੋਂ ਵੀ ਵਾਕਿਫ ਹੁੰਦਾ ਹੈ। ਉਸਨੂੰ ਇਹ ਸਮਝ ਪੈਂਦੀ ਹੈ ਕਿ ਆਪਣੇ ਅਵਗੁਣਾਂ ਦਾ ਸਚੇ ਮਨੋਂ ਅਹਿਸਾਸ ਮਾਤਰ ਹੀ ਉਸਨੂੰ ਪ੍ਰਭੂ ਦੀ ਕਿਰਪਾ ਦਾ ਪਾਤ੍ਰ ਬਣਾ ਸਕਦਾ ਹੈ:

*ਗੁਣਹੀਨ ਹਮ ਅਪਰਾਧੀ ਭਾਈ ਪੂਰੇ ਸਤਿਗੁਰਿ ਲਏ ਰਲਾਇ॥* (ਪੰਨਾ 638)

ਇਸੇ ਸੰਬੰਧ ਵਿੱਚ ਇੱਕ ਈਸਾਈ ਵਿਚਾਰ ਵੀ ਦੱਸੀ ਗਈ (ਪ੍ਰਭੂ ਆਖਦੇ ਹਨ), "*So long you do not concent to your sins I will not hold them against you*" (ਭਾਈ, ਜੇ ਗੁਨਾਹ ਕਰ ਕੇ ਤੂੰ ਸ਼ਰਮਿੰਦਾ ਰਹਵੇਂ ਤੇ ਇਹ ਨਾ ਆਖੇਂ, "ਕੀ ਹੋ ਗਿਆਂ, ਸਾਰੇ ਹੀ ਇਸ ਤਰ੍ਹਾਂ ਕਰਦੇ ਹਨ, ਕੋਈ ਤੈਨੂੰ ਗੱਲ ਨਹੀਂ", ਮੈਂ ਤੈਨੂੰ ਇਸ ਪਾਪ ਦਾ ਦੋਸ਼ੀ ਕਰਾਰ ਨਹੀਂ ਦਿਆਂਗਾ) ਪ੍ਰਭੂ ਪਿਤਾ ਨੂੰ ਪਤਾ ਹੈ ਕਿ ਅਸੀਂ ਕਮਜ਼ੋਰ ਹਾਂ, ਨਾਲਾਇਕ ਹਾਂ, ਬਸ ਢਹਿ ਪਈਏ ਤੇ ਪੂਰੀ ਈਮਾਨਦਾਰੀ ਨਾਲ ਅੱਗੋਂ ਇਹ ਗੁਨਾਹ ਨਾ ਕਰਨ ਦੀ ਕੋਸ਼ਿਸ਼ ਕਰੀਏ, ਸਤਿਗੁਰ ਭਰੋਸਾ ਦੁਆਂਦੇ ਹਨ ਕਿ ਬਖਸ਼ੇ ਜਾਵਾਂਗੇ:

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ॥*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥* (ਵਾਰ 36/21)
*ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ॥* (ਪੰਨਾ 812)
*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥* (ਪੰਨਾ 713)
*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥* (ਪੰਨਾ 544)
*ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥* (ਪੰਨਾ 612)
*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥* (ਪੰਨਾ 632)

ਸਤਿਸੰਗ ਦੌਰਾਨ ਇੱਕ ਸਾਖੀ ਵੀ ਦਸੀ ਗਈ ਕਿ ਇੱਕ ਵੇਸ਼ਵਾ ਮਜਬੂਰੀ ਵਿੱਚ ਆਪਣਾ ਸ਼ਰੀਰ ਵੇਚਦੀ ਸੀ ਤੇ ਹਰ ਵੇਲੇ ਅਰਦਾਸ ਕਰਦੀ, "ਹੇ ਪ੍ਰਭੂ! ਆਪ ਜਾਣਦੇ ਹੋ ਮੇਰੀ ਲਾਚਾਰੀ ਤੇ ਇਹ ਵੀ ਆਪਨੂੰ ਪਤਾ ਹੈ ਕਿ ਮੈਂ ਇਸ ਨੀਚ ਕੰਮ ਤੋਂ ਕਿਤਨਾ ਦੁਖੀ ਹਾਂ, ਪਰ ਇਹ ਮੇਰੇ ਵਸ ਤੋਂ ਬਾਹਰ ਦੀ ਗੱਲ ਹੈ, ਮੈਂ ਇਹ ਧੰਧਾ ਨਹੀਂ ਛਡ ਸਕਦੀ। ਉਸੇ ਇਲਾਕੇ ਵਿੱਚ ਇੱਕ ਸਾਧ ਵੀ ਰਹਿੰਦਾ ਸੀ, ਸੰਜੋਗ ਐਸਾ ਬਣਿਆ ਕਿ ਸਾਧ ਤੇ ਵੇਸ਼ਵਾ ਦੁਹਾਂ ਦੇ ਮਰਣ ਦਾ ਸਮਾਂ ਇੱਕੋ ਵੇਲੇ ਆ ਗਿਆ। ਆਕਾਸ਼ ਚੋਂ ਇੱਕ ਵਿਮਾਨ ਆਇਆ, ਸਾਧ ਨੇ ਇਸ਼ਾਰੇ ਨਾਲ ਉਸ ਨੂੰ ਆਪਣੇ ਕੋਲ ਬੁਲਾਇਆ। ਵਿਮਾਨ ਚਾਲਕ ਕਹਿਣ ਲਗਾ, ਮਹਾਰਾਜ ਮੈਨੂੰ ਤਾਂ ਹੁਕਮ ਹੈ ਕਿ ਉਸ ਵੇਸ਼ਵਾ ਨੂੰ ਲਿਜਾਣਾ ਹੈ। ਸਾਧ, "ਤੂੰ ਪਾਗਲ ਹੋ ਗਿਆ ਹੈਂ, ਵੇਸ਼ਵਾ ਲਈ ਵਿਮਾਨ ਭੇਜਿਆ ਜਾਏਗਾ, ਇਹ ਜ਼ਰੂਰ ਪ੍ਰਭੂ ਨੇ ਮੇਰੀ ਭਗਤੀ ਤੋਂ ਪ੍ਰਸੰਨ

ਹੋ ਕੇ ਭੇਜਿਆ ਹੈ।" ਚਾਲਕ ਇਸ ਗੱਲ ਦੀ ਪੁਸ਼ਟੀ ਲਈ ਦੁਬਾਰਾ ਉਧਰ ਗਿਆ ਤਾਂ ਉਸਨੂੰ ਖੂਬ ਝਾੜ ਪਈ ਕਿ ਇਤਨੇ ਸਪਸ਼ਟ ਆਦੇਸ਼ ਦੇ ਬਾਵਜੂਦ ਕਿ ਉਸ ਵੇਸ਼ਵਾ ਨੂੰ ਲਿਆਉਣਾ ਹੈ, ਤੂੰ ਉਸ ਸਾਧ ਕੋਲ ਕਿਉਂ ਗਿਆ, ਉਹ ਤਾਂ ਭਗਤੀ ਦੀ ਆਕੜ ਵਿੱਚ ਰਿਹਾ ਹੈ ਪਰ ਉਸ ਵੇਸ਼ਵਾ ਨੇ ਸਾਰੀ ਜ਼ਿੰਦਗੀ ਆਪਣੇ ਗੁਨਾਹਾਂ ਦੀ ਸ਼ਰਮ ਹੇਠ ਬਿਤਾਈ ਹੈ, ਇਸ ਲਈ ਉਹ ਸਾਨੂੰ ਪਰਵਾਨ ਹੋ ਗਈ ਹੈ।

ਕਿਉਂ ਨਾ ਅਸੀਂ ਵੀ ਪ੍ਰਭੂ ਦੀ ਇਸ ਰਹਿਮਦਿਲੀ ਦਾ ਫਾਇਦਾ ਉਠਾਈਏ ਤੇ ਆਪਣਾ ਜੀਵਨ ਸਫਲ ਕਰ ਲਈਏ।

ਇਸ ਤਰ੍ਹਾਂ ਸਤਿਸੰਗ ਵਿੱਚ ਮਾਇਆ ਦੀ ਘੋਰ ਨਿੰਦਰਾ ਵਿੱਚ ਸੁਤਾ ਹੋਇਆ ਮਨੁੱਖ ਜਾਗਦਾ ਹੈ ਜਦੋਂ ਉਸ ਦੇ ਮਨ ਨੂੰ ਹਲੂਣਾ ਵਜਦਾ ਹੈ।

*ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥* (ਪੰਨਾ 794)

(ਭਗਤ ਰਵਿਦਾਸ ਜੀ ਆਖਦੇ ਹਨ, ਐ ਬੇਵਕੂਫ ਇਨਸਾਨ ਮਾਇਆ ਦੀ ਨੀਂਦ ਤੋਂ ਜਾਗ, ਤੂੰ ਇਸ ਦੁਨੀਆਵੀ ਜੀਵਨ ਨੂੰ ਸਚ ਸਮਝ ਬੈਠਾ ਹੈਂ, ਤੇਰੀ ਜ਼ਿੰਦਗੀ ਬੀਤ ਰਹੀ ਹੈ, ਤੂੰ ਇੱਥੋਂ ਚਲੇ ਜਾਣਾ ਹੈ ਜਿਵੇਂ ਤੇਰੇ ਸੰਗੀ-ਸਾਥੀ ਚਲੇ ਗਏ। ਤੇਰੀ ਯਾਤਰਾ ਬੜੀ ਲੰਮੀ ਹੈ ਤੇ ਮੌਤ ਸਿਰ ਖੜੀ ਹੈ, ਸੁ ਹੋਸ਼ ਵਿੱਚ ਆ, ਰੋਜ਼ੀ-ਰੋਟੀ ਦੀ ਚਿੰਤਾ ਨਾ ਕਰ, ਜਿਸ ਪ੍ਰਭੂ ਨੇ ਤੈਨੂੰ ਪੈਦਾ ਕੀਤਾ ਹੈ ਉਹ ਤੇਰੇ ਰਿਜ਼ਕ ਦਾ ਪ੍ਰਬੰਧ ਕਰੇਗਾ। ਤੂੰ ਛੋਟੀ ਉਮਰ ਤੋਂ ਹੀ ਆਪਣੇ ਜੀਵਨ ਮਕਸਦ ਦੀ ਪੂਰਤੀ ਲਈ, 'ਮੈਂ', 'ਮੇਰਾ' ਤੋਂ ਉਪਰ ਉਠ ਕੇ, ਬੰਦਗੀ ਕਰਨ ਵਿੱਚ ਲਗ ਜਾ। ਜ਼ਿੰਦਗੀ ਖਤਮ ਹੋਣ ਵਾਲੀ ਹੈ ਤੇ ਤੂੰ ਅਜੇ ਰਸਤਾ ਹੀ ਨਹੀਂ ਪਕੜਿਆ, ਤੇਰਾ ਸ਼ਰੀਰ ਬੁਢੇਪੇ ਵਿੱਚ ਕਮਜ਼ੋਰ ਪੈ ਜਾਏਗਾ ਫਿਰ ਤੇਰੇ ਕੋਲੋਂ ਭਗਤੀ ਹੋਣੀ ਨਹੀਂ। ਤੂੰ ਅਨਜਾਣ ਹੈਂ, ਪਾਗਲ ਹੈਂ, ਤੈਨੂੰ ਇਤਨੀ ਵੀ ਹੋਸ਼ ਨਹੀਂ ਕਿ ਦੁਨੀਆ ਨਾਸ਼ਵੰਤ ਹੈ, ਸੁ ਹਮੇਸ਼ਾ ਰਹਿਣ ਵਾਲੇ ਪ੍ਰਭੂ ਨਾਲ ਜੁੜ।)

ਉਸਨੂੰ ਸਮਝ ਪੈਂਦੀ ਹੈ ਇਸ ਤਰ੍ਹਾਂ ਕਿ ਇਸ ਦੁਨੀਆਂ ਅੰਦਰ ਨਾਮ ਤੋਂ ਇਲਾਵਾ ਸਭ ਕੂੜ ਹੈ -ਰਾਜਾ ਵੀ ਝੂਠਾ, ਪਰਜਾ ਵੀ ਝੂਠੀ, ਮਹਿਲ ਮਾੜੀਆਂ ਵੀ ਝੂਠੀਆਂ, ਰਹਿਣ ਵਾਲੇ ਵੀ ਝੂਠੇ, ਸੋਨਾ-ਚਾਂਦੀ ਵੀ ਝੂਠ, ਪਹਿਨਣ ਵਾਲੇ ਵੀ ਝੂਠੇ, ਸ਼ਰੀਰ ਵੀ ਝੂਠਾ, ਸੁੰਦਰਤਾ ਵੀ ਝੂਠੀ, ਸ਼ਰੀਰ ਦੀ ਸਜਾਵਟ ਵੀ ਝੂਠੀ, ਪਤੀ-ਪਤਨੀ ਵੀ ਝੂਠੇ... ਪ੍ਰਭੂ ਨੂੰ ਛਡ ਕੇ ਸਭ ਕੁਛ ਝੂਠਾ ਹੈ। ਉਹ ਜਾਗ ਪੈਂਦਾ ਹੈ ਕਿ ਦੁਨੀਆ ਵਿੱਚ ਰਹਿਣਾ ਹੈ ਪਰ ਦੁਨੀਆਦਾਰੀ ਵਿੱਚ ਨਹੀਂ ਫਸਣਾ,

*ਸੁਖ ਸੰਪਤਿ ਮਾਇਆ ਰਸ ਮੀਠੇ ਇਹ ਨਹੀਂ ਮਨ ਮਹਿ ਧਰਣੀ॥* (ਪੰਨਾ 102)

ਕਿਉਂਕਿ ਪ੍ਰਭੂ ਦਰਗਾਹ ਵਿੱਚ ਜਦੋਂ ਲੇਖਾ-ਜੋਖਾ ਹੋਵੇਗਾ, ਸੁਆਸਾਂ ਦੀ ਪੂੰਜੀ ਦਾ ਹਿਸਾਬ-ਕਿਤਾਬ ਪੁਛਿਆ ਜਾਏਗਾ ਤਾਂ ਕੋਈ ਦੁਨੀਆਵੀ ਕੰਮ ਯਾ ਬੰਦਾ ਮੇਰੀ ਮਦਦ ਨਹੀਂ ਕਰ ਸਕੇਗਾ। ਉੱਥੇ ਤਾਂ, ਨਾਮ ਜਪ ਕੇ ਜੋ ਕੰਮ ਕੀਤੇ ਹੋਣਗੇ ਉਹੀ ਮੇਰੇ ਕੰਮ ਆਉਣਗੇ, ਮੇਰੇ ਦੁਨੀਆਵੀ ਮਕਾਨ (ਭਾਵੇਂ ਹੀਰੇ-ਮੋਤੀਆਂ ਦੇ ਬਣੇ ਹੋਣ, ਲਾਲ ਜਵਾਹਰ ਜੜੇ ਹੋਣ), ਮੇਰੀ ਸੁਹਣੀ ਪਤਨੀ, ਮੇਰਾ ਰਾਜ, ਮੇਰੀ ਸੈਨਾ, ਮੇਰੀਆਂ ਰਿਧੀਆਂ-ਸਿਧੀਆਂ ਦੀ ਤਾਕਤ, ਕਿਸੇ ਕੰਮ ਨਹੀਂ ਆਉਣਾ, ਨਾਮ ਬਗੈਰ ਇਹ ਸਾਰਾ ਕੁਝ ਪਾ ਕੇ ਵੀ, ਮੈਂ ਸੜਦਾ-ਬਲਦਾ ਹੀ ਰਹਾਂਗਾ- "*ਹਰਿਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ*" (ਪੰਨਾ 14) ਤੇ ਦਰਗਾਹ ਵਿੱਚ ਵੀ ਮੇਰੀ ਮਿੱਟੀ ਪਲੀਦ ਹੋਵੇਗੀ:

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਮਨਿ ਅੰਧੇ ਜਨਮੁ ਗਵਾਇਆ॥* (ਪੰਨਾ 464)

(ਜੀਵ ਇਸ ਦੁਨੀਆ ਵਿੱਚ ਰਸਾਂ ਦਾ ਭੋਗ ਕਰਦਾ-ਕਰਦਾ, ਸੁਆਸਾਂ ਦੀ ਪੂੰਜੀ ਮੁਕਣ ਤੇ ਜਦੋਂ ਦਰਗਾਹ ਵਿੱਚ ਪਹੁੰਚਦਾ ਹੈ ਤਾਂ, ਭਾਵੇਂ ਉਹ ਦੁਨੀਆ ਵਿੱਚ ਬਹੁਤ ਵਡਾ ਅਖਵਾਂਦਾ ਸੀ, ਉਸਨੂੰ ਸੰਗਲ ਨਾਲ ਬੰਨ ਕੇ ਲਾਈਨ ਵਿੱਚ ਖੜਾ ਕਰ ਲਿਆ ਜਾਂਦਾ ਹੈ, ਉਸਨੂੰ ਚੰਗੀ ਤਰ੍ਹਾਂ ਉਸਦੇ ਕੀਤੇ ਕੰਮਾਂ ਤੋਂ ਜਾਣੂ ਕਰਾਇਆ ਜਾਂਦਾ ਹੈ ਤੇ ਉਸਦੇ ਮੰਦੇ ਕੰਮਾਂ ਕਰ ਕੇ ਜੁਤੀਆਂ ਪੈਂਦੀਆਂ ਹਨ। ਉਹ ਚੀਖਦਾ ਹੈ, ਰੋਂਦਾ ਹੈ, ਪਰ ਉੱਥੇ ਕੋਈ ਸੁਣਵਾਈ ਨਹੀਂ ਕਿਉਂਕਿ ਰਹਿਮ ਲੈਣ ਦਾ ਸਮਾਂ (ਜੋ ਇਸ ਦੁਨੀਆ ਤੇ ਹੀ ਸੰਭਵ ਹੈ) ਬੀਤ ਚੁਕਿਆ ਹੁੰਦਾ ਹੈ ਤੇ ਕਰਨੀ ਦਾ ਫਲ ਭੋਗਣਾ ਪੈਂਦਾ ਹੈ। ਅਪਣੀ ਅਗਿਆਨਤਾ ਕਰਕੇ ਉਸਨੇ ਆਪਣਾ ਅਗਲਾ ਜਨਮ ਗੁਆ ਲਾਇਆ ਹੁੰਦਾ ਹੈ।)

ਗੁਰੂ ਕਿਰਪਾ ਸਦਕਾ ਜੇ ਛੋਟੀ ਉਮਰ ਤੋਂ ਹੀ ਸਾਨੂੰ ਇਸ ਸਚਾਈ ਦੀ ਸੋਝੀ ਪੈ ਜਾਏ ਤੇ ਇਹ ਸੋਝੀ ਸਤਿਸੰਗਤ ਚੋਂ ਹੀ ਪੈ ਸਕਦੀ ਹੈ -ਤਾਂ ਸਾਡਾ ਜੀਵਨ ਇੱਥੇ ਵੀ ਸੁਹੇਲਾ ਬੀਤੇਗਾ ਤੇ ਅਸੀਂ ਆਪਣਾ ਅੱਗਾ ਵੀ ਸੁਆਰ ਸਕਦੇ ਹਾਂ।

ਭਾਣਾ ਮੰਨਣਾ ਸਿੱਖੀ ਦਾ ਇੱਕ ਮੁਢਲਾ ਅਸੂਲ ਹੈ ਤੇ ਬਾਣੀ ਵਿੱਚ ਵਾਰ-ਵਾਰ ਇਸ ਦਾ ਜਿਕਰ ਆਉਂਦਾ ਹੈ,

*ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥* (ਪੰਨਾ 978)

*ਜੋ ਹੋਆ ਹੋਵਤ ਸੋ ਜਾਨੈ॥ ਪ੍ਰਭੂ ਆਪਨੇ ਕਾ ਹੁਕਮੁ ਪਛਾਨੈ॥* (ਪੰਨਾ 286)

*ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕ ਮਾਂਗੈ॥* (ਪੰਨਾ 394)

ਸੁਖਮਨੀ ਸਾਹਿਬ ਅੰਦਰ ਗੁਰੂ ਅਰਜਨ ਦੇਵ ਜੀ ਇਸਦਾ ਖੁਲਾਸਾ ਕਰਦੇ ਹਨ:

*ਅਗਨਤ ਸਾਹੁ ਅਪਨੀ ਦੇ ਰਾਸਿ॥ ਖਾਤ ਪੀਤ ਬਰਤੈ ਅਨਦ ਉਲਾਸਿ॥* (ਪੰਨਾ 268)

*ਅਪੁਨੀ ਪਰਤੀਤਿ ਆਪ ਹੀ ਖੋਵੈ॥ ਬਹੁਰਿ ਉਸ ਕਾ ਬਿਸ੍ਰਾਸ ਨ ਹੋਵੈ॥*

ਪ੍ਰਭੂ ਦਾ ਭਾਣਾ ਨਾ ਮੰਨ ਕੇ ਅਸੀਂ ਪ੍ਰਭੂ ਦਰਬਾਰ ਵਿੱਚ ਅਪਣੀ ਪਰਤੀਤ (reputation) ਆਪ ਹੀ ਗੁਆ ਲੈਂਦੇ ਹਾਂ, ਫਿਰ ਉੱਥੇ ਸਾਡੇ ਤੇ ਯਕੀਨ ਮੁਕ ਜਾਂਦਾ ਹੈ ਤੇ ਦੁਨੀਆ ਵਿੱਚ ਸਾਡਾ ਹਾਲ ਮੰਦੇ ਤੋਂ ਮੰਦਾ ਹੁੰਦਾ ਜਾਂਦਾ ਹੈ, ਸਾਨੂੰ ਸਮਝ ਨਹੀਂ ਪੈਂਦੀ ਕਿ ਹੋ ਕੀ ਰਿਹਾ ਹੈ। ਦੂਜੇ ਪਾਸੇ ਜੇ ਪ੍ਰਭੂ ਦਾ ਭਾਣਾ ਮਿੱਠਾ ਕਰ ਕੇ ਮੰਨ ਲਈਏ:

*ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥*

*ਉਸ ਤੇ ਚਉਗੁਨ ਕਰੈ ਨਿਹਾਲੁ॥ ਨਾਨਕ ਸਾਹਿਬੁ ਸਦਾ ਦਇਆਲੁ॥* (ਪੰਨਾ 268)

ਜੇ ਪ੍ਰਭੂ ਦੀ ਇਸ assurance (ਆਸ਼ਾਵਾਸਨ) ਦੇ ਬਾਵਜੂਦ ਵੀ ਅਸੀਂ ਸ਼ਿਕਾਇਤ ਕਰਦੇ ਹਾਂ ਤਾਂ ਨਿਸ਼ਚਿਤ ਹੀ ਸਾਡੀ ਮਤਿ ਮਾਰੀ ਗਈ ਹੈ, ਅਸੀਂ ਪ੍ਰਭੂ ਨੂੰ ਜਾਣਿਆ ਹੀ ਨਹੀਂ, ਪਛਾਣਿਆ ਹੀ ਨਹੀਂ। ਨੁਕਸਾਨ ਆਪਣਾ ਕਰਦੇ ਹਾਂ, ਪ੍ਰਭੂ ਤਾਂ ਕੁਛ ਨਹੀਂ ਵਿਗੜਦਾ; ਦੁਖ ਆਪ ਸਹੇੜਦੇ ਹਾਂ ਗੁਰੂ ਹੁਕਮਾਂ ਦੀ ਅਦੂਲੀ ਕਰ ਕੇ। ਅਸੀਂ ਭੁਲ ਜਾਂਦੇ ਹਾਂ ਕਿ ਜੋ ਵੀ ਭਾਣਾ ਵਰਤਿਆ ਹੈ -ਕਿਸੇ ਪਿਆਰੇ ਦੀ ਮੌਤ, ਕਿਸੇ ਕੰਮ 'ਚ ਰੁਕਾਵਟ, ਕੋਈ ਅਣਸੁਖਾਵੀਂ ਘਟਨਾ ਦਾ ਹੋਣਾ, ਬੇਟੀ ਦੀ ਸ਼ਾਦੀ ਨਹੀਂ ਹੋ ਰਹੀ, ਬੇਟੇ ਦੀ ਨੌਕਰੀ ਨਹੀਂ ਲਗ ਰਹੀ... ਇਤਿਆਦਿ, -ਸਾਨੂੰ ਮੰਨਣਾ ਹੀ ਪਵੇਗਾ, ਨਾ ਮੰਨਾਂਗੇ ਤਾਂ ਕੀ ਕਰਾਂਗੇ, ਹੋਰ ਪਿਟਾਂਗੇ, ਇਸ ਤੋਂ ਬੇਹਤਰ ਇਹ ਨਹੀਂ ਕਿ ਹੱਸ ਕੇ ਮੰਨ ਲਈਏ, ਪ੍ਰਭੂ ਦੀ ਖੁਸ਼ੀ ਵੀ ਪ੍ਰਾਪਤ ਕਰੀਏ ਤੇ ਸਾਡਾ ਮਨ ਵੀ ਚੈਨ ਵਿੱਚ ਰਹੇਗਾ। ਸਤਿਸੰਗ ਦੌਰਾਨ ਹੀ ਸਾਡੀ ਇੱਕ ਸਤਿਸੰਗੀ ਭੈਣ, ਜੋ ਕੀਰਤਨ ਵੀ ਕਰਦੇ ਹਨ, ਦੇ ਪਿਤਾ ਜੀ ਦੀ ਦਿੱਲੀ ਮੌਤ ਹੋ ਗਈ। ਸ਼ਾਮ ਦਾ ਸਤਿਸੰਗ ਚਲ ਰਿਹਾ ਸੀ, ਖਤਮ ਹੋਣ ਤੇ ਉਨ੍ਹਾਂ ਨੂੰ ਦਸਿਆ ਗਿਆ, ਬੜੇ ਹੀ ਸਹਿਜ ਭਾਵ ਨਾਲ ਉਨ੍ਹਾਂ ਭਾਣੇ ਨੂੰ ਸਵੀਕਾਰ ਕੀਤਾ, ਰਾਤ 10 ਵਜੇ ਦੀ ਬਸ ਵਿੱਚ ਦਿੱਲੀ ਚਲੇ ਗਏ ਤੇ ਚਾਰ ਦਿਨਾਂ ਬਾਅਦ ਦਾਹ-ਸੰਸਕਾਰ ਦੀ ਰਸਮ ਪੂਰੀ ਕਰ ਕੇ ਵਾਪਸ ਸਤਿਸੰਗ ਵਿੱਚ ਆ ਜੁੜੇ। ਦਿੱਲੀ ਪ੍ਰਵਾਸ ਦੌਰਾਨ ਵੀ ਰੋਜ਼ ਫੋਨ ਕਰ ਕੇ ਸਤਿਸੰਗ ਤੋਂ ਦੂਰ ਹੋ ਜਾਣ ਦੀ ਤੜਪ ਜਾਹਿਰ ਕਰਦੇ, "ਮੈਂ ਇੱਥੇ ਬਿਲਕੁਲ ਓਪਰਿਆਂ ਵਾਂਗ ਮਹਿਸੂਸ ਕਰ ਰਹੀ ਹਾਂ ਕਿਉਂਕਿ ਇਨ੍ਹਾਂ ਦੁਨੀਆਵੀ ਰੀਤੀ-ਰਿਵਾਜ਼ਾਂ ਵਿੱਚ ਮੇਰੀ ਕੋਈ ਰੁਚੀ ਨਹੀਂ, ਸੰਗਤ ਤੋਂ ਦੂਰ ਹੋਣ ਕਰ ਕੇ ਮੇਰੇ ਦਿਲ ਵਿੱਚ ਹੌਲ ਪੈਂਦਾ ਹੈ, ਤੇ ਰੋਣ ਲਗ ਪੈਂਦੇ; ਸ਼ਾਇਦ ਇਸੇ ਤੜਪ ਦਾ ਸਦਕਾ ਪ੍ਰਭੂ ਨੇ ਉਨ੍ਹਾਂ ਅੰਦਰ ਇਹ ਤਾਕਤ ਭਰੀ ਕਿ ਉਹ ਲੋਕਲਾਜ ਦੀ ਗਿੱਚੀ ਮਰੋੜ ਕੇ, ਰਿਸ਼ਤੇਦਾਰਾਂ ਦੀ ਪਰਵਾਹ ਨ ਕਰਦਿਆਂ ਵਾਪਸ ਪਹੁੰਚ ਗਏ ਤੇ ਪ੍ਰਭੂ ਨੇ "*ਉਸ ਤੇ ਚਉਗੁਨ ਕਰੈ ਨਿਹਾਲੁ*" (ਪੰਨਾ 268) ਦਾ ਬਿਰਦ ਪਾਲਦਿਆਂ (ਪਿਤਾ ਦੀ ਮੌਤ ਕਾਰਣ ਜੀਵਨ ਵਿੱਚ ਆਈ ਕਮੀ ਨੂੰ) ਸਤਿਸੰਗਤ ਦੇ ਰੂਪ ਵਿੱਚ ਚਾਰ ਗੁਣਾ ਵਧ ਪਿਆਰ ਦੇ ਕੇ ਪੂਰਾ ਕਰ ਦਿੱਤਾ। ਇਸ ਤਰ੍ਹਾਂ ਦੇ ਅਮਲੀ ਉਦਾਹਰਣ ਹੋਰਨਾਂ ਲਈ ਵੀ ਪ੍ਰੇਰਣਾਦਾਇਕ ਸਾਬਿਤ ਹੋ ਸਕਦੇ ਹਨ।

ਕੱਚੇ ਤੇ ਸੱਚੇ ਧਨ ਦੀ ਪਛਾਣ ਵੀ ਸਤਿਸੰਗਤ ਚੋਂ ਹੁੰਦੀ ਹੈ ਵਰਨਾ ਸਾਰੀ ਉਮਰ ਬੰਦ ਕੱਚਾ ਧਨ ਇਕਤ੍ਰ ਕਰਨ ਵਿੱਚ ਗੁਆ ਲੈਂਦਾ ਹੈ, ਪਰ ਕੱਚਾ ਧਨ ਇੱਥੇ ਵੀ ਉਸਨੂੰ ਦੁਖੀ ਕਰਦਾ ਹੈ ਤੇ ਇੱਥੋਂ ਜਾਣ ਵੇਲੇ ਕੱਚੇ ਧਨ ਦੀ ਸੂਈ ਵੀ ਨਾਲ ਨਹੀਂ ਜਾਂਦੀ, ਉਸਨੂੰ ਖਾਲੀ ਹਥ ਜਾਣਾ ਪੈਂਦਾ ਹੈ, ਉਸ ਕੋਲ ਅੱਗੇ ਕੰਮ ਆਉਣ ਲਾਇਕ ਕੁਝ ਨਹੀਂ ਹੁੰਦਾ। ਇਸੇ ਲਈ ਕੱਚਾ ਧਨ ਸੰਚਣ ਵਾਲਿਆਂ ਨੂੰ ਮੂਰਖ (ਗੰਵਾਰ) ਤੇ ਕੰਗਾਲ (ਫਕੀਰ) ਆਖਿਆ ਗਿਆ ਹੈ:

*ਕਾਚਾ ਧਨੁ ਸੰਚਹਿ ਮੂਰਖ ਗਾਵਾਰ॥* (ਪੰਨਾ 665)

*ਸੋ ਧਨੁ ਮਿਤ੍ਰ ਨ ਕਾਢੀਐ ਜਿਤੁ ਸਿਰਿ ਚੋਟਾਂ ਖਾਇ॥*
*ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥* (ਪੰਨਾ 1287)

ਕੱਚਾ ਧਨ ਸੰਚਣ ਵਾਲਿਆਂ ਨੂੰ ਇੱਥੇ ਵੀ ਚੋਟਾਂ ਪੈਂਦੀਆਂ ਹਨ ਤੇ ਅੱਗੇ ਵੀ ਅਸਾਂ ਸਾਰਿਆਂ ਵੇਖਿਆ/ਅਨੁਭਵ ਕੀਤਾ ਹੋਵੇਗਾ ਕਿਵੇਂ ਦੁਨੀਆਵੀ ਕੱਚਾ ਧਨ ਭਰਾ ਨੂੰ ਭਰਾ ਦਾ, ਪਿਉ ਨੂੰ ਪੁਤਰ ਦਾ, ਭੈਣ ਨੂੰ ਭਰਾ ਦਾ, ਦੁਸ਼ਮਨ ਬਣਾ ਦੇਂਦਾ ਹੈ ਤੇ ਸਾਰਿਆਂ ਨੂੰ ਖਜਲ ਖੁਆਰ ਕਰਦਾ ਹੈ। ਕਚੇ ਧਨ ਦੇ ਵਪਾਰੀ ਨਾਮ ਧਨ ਤੋਂ ਸਖਣੇ ਹੋਣ ਕਰਕੇ ਕਿਵੇਂ ਕਰੋੜਾਂ ਜਮਾ ਕਰਕੇ ਵੀ ਦੁਖੀ ਰਹਿੰਦੇ ਹਨ, ਇਸਦਾ ਪਰਤਖ ਅਨੁਭਵ ਵੇਖਿਆ ਜਦੋਂ ਦਿੱਲੀ ਕਿਸੇ ਦਸਿਆ ਕਿ ਕਿਸੇ ਕਰੋੜਪਤੀ ਦੇ ਦੋ ਪੁਤਰ ਬਿਜ਼ਨੇਸ ਵਧ ਜਾਣ ਕਾਰਣ, ਇੱਕ ਸਿੰਗਾਪੁਰ ਤੇ ਇੱਕ ਦਿੱਲੀ ਸੈਟਲ ਹੋ ਰਹੇ ਹਨ। ਦੋਹਾਂ ਪੁਤਰਾਂ ਦੀ ਮੰਗ ਹੈ ਕਿ ਮਾਂ-ਬਾਪ ਉਨ੍ਹਾਂ ਕੋਲ ਰਹਿਣ, ਇਹ ਸੰਭਵ ਨਹੀਂ, ਸੁ ਇੱਕ ਕੋਲ ਮਾਂ ਰਹੇਗੀ ਤੇ ਇੱਕ ਕੋਲ ਪਿਉ। ਘਰ ਵਿੱਚ ਉਠੇ ਇਸ ਬਵਾਲ ਤੋਂ ਮਾਂ ਇਤਨੀ ਪਰੇਸ਼ਾਨ ਹੈ ਕਿ ਜਾਰ-ਜਾਰ ਰੋਂਦੀ ਹੈ ਕਿ ਮਾਇਆ ਦੇ ਇਸ ਚੱਕਰ ਨੇ ਪਤੀ-ਪਤਨੀ ਨੂੰ ਅਲਗ-ਅਲਗ ਰਹਿਣ ਤੇ ਮਜਬੂਰ ਕਰ ਕੇ ਉਨ੍ਹਾਂ ਦਾ ਸੁਖ-ਚੈਨ ਉੜਾ ਦਿੱਤਾ ਹੈ। ਦੂਜੇ ਪਾਸੇ, ਨਾਮ ਧਨ ਦੇ ਵਪਾਰੀ ਵੇਖੋ, ਆਤਮਬਲ ਦੇ ਧਨੀ ਹੋਣ ਕਰਕੇ ਕਿਵੇਂ ਦੁਨੀਆਵੀ ਰਾਜਿਆਂ ਤੇ ਧਰਮਰਾਜ ਤਕ ਨੂੰ ਚੈਲੇਂਜ ਕਰਦੇ ਹਨ:

*ਕਹੈ ਕਬੀਰੁ ਮਦਨ ਮੇ ਮਾਤੇ, ਹਿਰਦੈ ਦੇਖੁ ਬੀਚਾਰੀ॥*
*ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ॥* (ਪੰਨਾ 336)
*ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ॥*
*ਮੋਹਿ ਜਮ ਡੰਡੁ ਨ ਲਾਗਈ, ਤਜੀਲੇ ਸਰਬ ਜੰਜਾਲ॥* (ਪੰਨਾ 346)
*ਰਾਜਨ ਕਉਨੁ ਤੁਮਾਰੈ ਆਵੈ॥*
*ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥* (ਪੰਨਾ 1105)
*ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥* (ਪੰਨਾ 722)

ਸਾਡੇ ਸਤਿਸੰਗ ਦੌਰਾਨ ਵੀ ਸਾਡੇ ਗੁਰਮੁਖ ਪਿਆਰੇ ਸਤਿਸੰਗੀ ਜੀ ਨੇ -ਜਿੱਥੇ ਅਸੀਂ ਠਹਿਰੇ ਸਾਂ- ਕਰੋੜਪਤੀ ਘਰ ਵਾਲਿਆਂ ਨੂੰ ਕਹਿ ਦਿੱਤਾ ਕਿ ਜੇ ਸਾਰਾ ਪਰਿਵਾਰ ਅੰਮ੍ਰਿਤ ਵੇਲੇ ਤੇ ਸ਼ਾਮ ਦੇ ਦੀਵਾਨਾ ਵਿੱਚ ਸ਼ਾਮਿਲ ਨਹੀਂ ਹੋਵੇਗਾ ਤਾਂ ਅਸਾਂ ਚਲੇ ਜਾਣਾ ਹੈ। ਗੁਰੂ ਕਿਰਪਾ ਸਦਕਾ, ਸਾਰਾ ਪਰਿਵਾਰ ਹਾਜ਼ਰ ਹੁੰਦਾ ਰਿਹਾ ਤੇ ਉਨ੍ਹਾਂ ਸਾਰਿਆਂ ਕਮਾਲ ਦੀ ਸ਼ਮੂਲੀਅਤ ਕੀਤੀ। ਆਉ, ਕੱਚੇ ਤੇ ਸੱਚੇ ਧਨ ਦਾ ਜਾਇਜ਼ਾ ਲਈਏ ਗੁਰਬਾਣੀ ਦੇ ਅਧਾਰ ਤੇ; *"ਹਰਿ ਧਨੁ ਸੰਚੀਐ ਭਾਈ॥ ਜਿ ਹਲਤਿ ਪਲਤਿ ਹਰਿ ਹੋਇ ਸਖਾਈ॥"* (ਪੰਨਾ 734) ਤੇ *"ਕਾਚਾ ਧਨੁ ਸੰਚਹਿ ਮੂਰਖ ਗਾਵਾਰ"* (ਪੰਨਾ 665) ਸ਼ਬਦਾਂ ਰਾਹੀਂ:

| ਕੱਚਾ ਧਨ | ਸੱਚਾ ਧਨ |
|---|---|
| 1. ਕੱਚਾ (ਦੁਨਿਆਵੀ ਧਨ) ਸੰਚਣ ਵਾਲਾ ਮੂਰਖ ਤੇ ਮਨਮੁਖ ਹੈ। | 1. ਸੱਚਾ ਧਨ (ਨਾਮ ਧਨ) ਸਿੰਚਣ ਵਾਲ ਗੁਰਮੁਖ ਤੇ ਸਿਆਣਾ ਹੈ। |
| 2. ਸਦਾ ਦੁਖ ਦੇਂਦਾ ਹੈ -ਇੱਥੇ ਵੀ ਤੇ ਪਰਲੋਕ ਤਾਂ ਤਾਂ ਸਾਥ ਜਾਂਦਾ ਹੀ ਨਹੀਂ। | 2. ਨਾਮ ਧਨ ਲੋਕ ਤੇ ਪਰਲੋਕ ਸੁਹੇਲ ਕਰਦਾ ਹੈ। |
| 3. ਰਹਿਣ ਵਾਲੀ ਸ਼ੈ ਨਹੀਂ (... ਫੁਨਿ ਆਵੈ ਜਾਇ, ਪੰਨਾ 665) | 3. ਕਦੇ ਮੁਕਦਾ ਨਹੀਂ (... ਖਾਇ ਖਰਚਿ ਰਹੈ ਨਿਖੁਟੈ ਨਾਹੀ, ਪੰਨਾ 734) |
| 4. ਹਮੇਸ਼ਾਂ ਡਰ ਪੈਦਾ ਕਰਦਾ ਹੈ ਕਿ ਕੋਈ ਚੁਰਾ ਨ ਲਵੇ, ਮੁੱਕ ਨਾ ਜਾਏ, ਅਗਨੀ ਨਾ ਸਾੜ ਦੇਵੇ, ਪਾਣੀ ਨਾ ਡੁਬੋ ਦੇਵੇ। | 4. ਨਾ ਚੋਰ ਚੁਰਾ ਸਕਦਾ ਹੈ, ਨਾ ਅੱਗ ਸਾੜ ਸਕਦੀ ਹੈ, ਨਾ ਹਵਾ ਉਡਾ ਸਕਦੀ ਹੈ (ਹਰਿ ਧਨ ਨਿਰਭਉ ਸਦਾ ਸਦਾ ਅਸਥਿਰ ਹੈ ਸਾਚਾ, ਪੰਨਾ 734) |
| 5. ਸੰਚਣ ਲਈ ਪਾਪ ਕਰਨੇ ਪੈਂਦੇ ਹਨ (ਪਾਪ ਕਰਿ ਕੈ ਬਿਖਿਆ ਧਨ ਸੰਚਿਆ..., ਪੰਨਾ 734) ਤੇ | 5. ਸਤਿਸੰਗਤ ਚੋਂ ਪਾਇਆ ਜਾਂਦਾ ਹੈ, ਹੋਰ ਕਿਸੇ ਉਪਾਵ ਤਰੀਕੇ ਨਾਲ ਨਹੀਂ ਮਿਲਦਾ, ਸਤਿ ਤੇ ਅਧਾਰਿਤ ਹੋਣ |

ਜਮਾਂ ਦਾ ਡੰਡ ਸਹਿਣਾ ਪੈਂਦਾ ਹੈ।

6. ਇਹ ਸਦਾ ਚਿੰਤਾ, ਪਰੇਸ਼ਾਨੀ, ਮੋਹ ਅਭਿਮਾਨ, ਪੈਦਾ ਕਰਦਾ ਹੈ।

ਕਰਕੇ ਇਸ ਦਾ ਸਾਹੁ ਪ੍ਰਭੂ ਆਪ ਹੈ।

6. ਇਹ ਸਾਡੇ ਅੰਦਰ ਸਤਿ, ਸੰਤੋਖ, ਸੁਖ, ਸ਼ਾਂਤੀ, ਸਹਿਜ ਪੈਦਾ ਕਰਦਾ ਹੈ।

ਪ੍ਰਭੂ ਕਿਰਪਾ ਸਦਕਾ, ਜੇ ਮਨੁੱਖ ਨੂੰ ਸੱਚੇ ਧਨ ਦੀ ਪਛਾਣ ਹੋ ਜਾਏ ਤਾਂ ਉਹ ਆਪਣਾ ਹਲਤ-ਪਲਤ ਦੋਵੇਂ ਸੁਆਰ ਕੇ ਸਦੀਵੀ ਸੁਖ ਤੇ ਅਨੰਦ ਦਾ ਧਾਰਣੀ ਹੋ ਸਕਦਾ ਹੈ।

ਸਾਡੇ ਸੱਚੇ ਰਿਸ਼ਤੇਦਾਰ ਕੌਣ ਹਨ? ਕੀ ਮਾਂ, ਪਿਉ, ਭੈਣ, ਭਰਾ, ਪਤੀ, ਪਤਨੀ, ਪੁਤ੍ਰ, ਚਾਚਾ, ਮਾਮਾ, ਤਾਇਆ, ਦਾਦਾ, ਨਾਨਾ, ਮਾਸੀ, ਭਰਜਾਈ, ਚਾਚੀ, ਸਾਲੀ... ਅਤੇ ਦੁਨੀਆਂ ਦੇ ਹੋਰ ਸਾਕ-ਸੰਬੰਧੀ? ਗੁਰੂ ਤੋਂ ਪੁਛੀਏ, ਦੁਨੀਆਂ ਦੇ ਸਾਰੇ ਸਵਾਲਾਂ ਦੇ ਜੁਆਬ ਜਾਨਣ ਵਾਲੇ ਜਗਤ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ:

*ਉਇ ਸਾਜਨ ਉਇ ਮੀਤ ਪਿਆਰੇ॥*
*ਜੋ ਹਮ ਕਉ ਹਰਿਨਾਮੁ ਚਿਤਾਰੇ॥* (ਪੰਨਾ 739)
*ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥* (ਪੰਨਾ 862)
*ਹਰਿਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤ੍ਰ॥* (ਪੰਨਾ 218)
*ਸਾਜਨੁ ਬੰਧੁ ਸੁਮਿਤ੍ਰ ਸੋ ਹਰਿਨਾਮੁ ਹਿਰਦੈ ਦੇਇ॥* (ਪੰਨਾ 218)
*ਮੇਰਾ ਮਾਤ ਪਿਤਾ ਸੁਤ ਬੰਧਪੋ ਮੈ ਹਰਿ ਬਿਨੁ ਅਵਰੁ ਨ ਮਾਇ॥* (ਪੰਨਾ 966)
*ਸਚੀ ਬੈਸਕ ਤਿਨਾ ਸੰਗਿ ਜਿਨ ਸੰਗਿ ਜਪੀਐ ਨਾਉ॥* (ਪੰਨਾ 520)

(ਬਾਕੀ ਅਗਲੇ ਅੰਕ ਵਿੱਚ)

Hot millions®



Salad Bar & Restaurant

Serving Indian, Chinese, Continental & Italian Food
with a regular Indian & Salad Buffet

For Free Home Delivery
(above Rs. 100/-)



CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

# ਆਓ ਤਬਲਾ ਸਿੱਖੀਏ

## ਗੁਰਜੰਤ ਸਿੰਘ ਰਾਹੀ

ਗੁਰਮਤਿ ਸੰਗੀਤ ਵਿਦਿਆਲਾ, ਬੀ-367, ਸ਼ੇਖੂਪੁਰਾ, ਸੁਨਾਮੀ ਗੇਟ, ਸੰਗਰੂਰ

ਅੱਜ ਮੈਂ ਤੁਹਾਨੂੰ ਸੱਤ ਮਾਤਰਾਂ ਦੇ ਤਾਲਾਂ ਸਬੰਧੀ ਦੱਸਣ ਜਾ ਰਿਹਾ ਹਾਂ।

ਰੂਪਕ ਤਾਲ : ਇਹ ਤਬਲੇ ਦਾ ਤਾਲ ਹੈ। ਇਸਦਾ ਪ੍ਰਯੋਗ ਸੋਲੋ ਵਾਦਨ ਵਿੱਚ ਕੀਤਾ ਜਾਂਦਾ ਹੈ। ਖਿਆਲ ਅੰਗ ਦੀ ਗਾਇਕੀ ਸਿਤਾਰਵਾਦਨ ਸੰਗੀਤ ਵਿੱਚ ਮਸੀਤ ਖਾਨੀ ਗਤਾਂ ਦੀ ਸੰਗਤ ਵਿੱਚ ਵੀ ਇਸ ਤਾਲ ਦਾ ਪ੍ਰਯੋਗ ਹੁੰਦਾ ਹੈ। ਇਸ ਤੋਂ ਬਿਨਾਂ ਗਜ਼ਲ, ਭਜਨ ਅਤੇ ਗੁਰਬਾਣੀ ਕੀਰਤਨ ਵਿੱਚ ਵੀ ਇਸ ਤਾਲ ਦਾ ਕਾਫੀ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤਾਲ ਵਿੱਚ ਉਠਾਨ, ਪੇਸ਼ਕਾਰ, ਕਾਇਦੇ, ਪਲਟੇ, ਟੁਕੜੇ, ਪਰਨ, ਰੇਲੇ ਆਦਿ ਵਜਾਏ ਜਾਂਦੇ ਹਨ। ਕੀਰਤਨ ਦੀ ਸੰਗਤ ਸਮੇਂ ਖ਼ੂਬਸੂਰਤ ਲਗੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕਈ ਵਿਦਵਾਨ ਮੰਨਦੇ ਹਨ ਕਿ ਰੂਪਕ ਤਾਲ ਵਿੱਚ ਖਾਲੀ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦਾ ਵੀਚਾਰ ਹੈ ਕਿ ਪਹਿਲੀ ਮਾਤਰਾ ਤੇ ਸਮ ਹੈ ਖਾਲੀ ਨਹੀਂ ਪਰ ਇਸ ਵੀਚਾਰ ਨਾਲ ਜ਼ਿਆਦਾ ਤਰ ਵਿਦਵਾਨ ਸਹਿਮਤ ਨਹੀਂ ਹਨ ਬਹੁਗਿਣਤੀ ਦੇ ਵਿਦਵਾਨ ਪਹਿਲੀ ਮਾਤਰਾ ਤੇ ਖਾਲੀ ਮੰਨਦੇ ਹਨ। ਇਸ ਤਾਲ ਦਾ ਚਲਨ ਇੱਕ ਹੁਲਾਰੇ ਵਰਗਾ ਹੈ। ਗੁਰਬਾਣੀ ਕੀਰਤਨ ਵਿੱਚ ਤਾਂ ਕੁਝ ਸ਼ਬਦ ਬੰਦਸ਼ਾਂ ਜਾਂ ਗੀਤਾਂ ਰੂਪਕ ਤਾਲ ਵਿੱਚ ਐਨੀਆਂ ਪ੍ਰਵਾਨ ਚੜ੍ਹੀਆਂ ਹਨ ਕਿ ਜੇ ਕਿਸੇ ਹੋਰ ਤਾਲ ਵਿੱਚ ਗਾਈਆ ਜਾਣ ਤਾਂ ਓਪਰੀਆਂ ਜਹੀਆਂ ਲਗਦੀਆਂ ਹਨ ਜਿਵੇਂ ਕਿ ਵਿਆਹ ਆਨੰਦ ਕਾਰਜ ਸਮੇਂ ਚਾਰ ਲਾਵਾਂ ਦਾ ਕੀਰਤਨ ਸ਼ੁਰੂ ਦੀ ਪ੍ਰੰਪਰਾ ਤੋਂ ਹੀ ਰੂਪਕ ਤਾਲ ਵਿੱਚ ਗਾਇਨ ਕੀਤਾ ਜਾਂਦਾ ਹੈ।

ਮਾਤਰਾਂ 7 ਵਿਭਾਗ 3 ਤਾਲੀ 4 ਚੌਥੀ ਤੇ ਛੇਵੀ ਮਾਤਰ, ਪਹਿਲੀ ਖਾਲੀ

| | | | | | | |
|---|---|---|---|---|---|---|
| 1 | 2 | 3 | 4 | 5 | 6 | 7 |
| ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ |
| 0 | | | 1 | | 2 | |

ਤੀਵਰਾ ਤਾਲ : ਇਹ ਸਤ ਮਾਤਰਾਂ ਦਾ ਤਾਲ ਪਖਾਵਜ ਦਾ ਤਾਲ ਹੈ ਰੂਪਕ ਤਾਲ ਦੇ ਸਮਾਨ ਮਾਤਰਾਂ ਅਤੇ ਭਾਗ ਹਨ ਪਰ ਇਸ ਤਾਲ ਵਿੱਚ ਖਾਲੀ ਨਹੀਂ ਹੈ।

| | | | | | | |
|---|---|---|---|---|---|---|
| 1 | 2 | 3 | 4 | 5 | 6 | 7 |
| ਧਾ | ਧਿੰ | ਤਾ | ਤਿਟ | ਕਤਾ | ਗਿਦੀ | ਗਿਨਾ |
| x | | | 2 | | 3 | |

ਇਨ੍ਹਾਂ ਤਾਲਾਂ ਤੋਂ ਬਿਨਾ ਇਸ ਸ਼੍ਰੇਣੀ ਵਿੱਚ ਇੱਕ ਹੋਰ ਤਾਲ ਦਾ ਨਾਂ ਆਉਂਦਾ ਹੈ:

ਪਸ਼ਤੋ ਤਾਲ : ਇਹ ਤਾਲ ਅਪ੍ਰਚਲਤ ਹੋ ਰਿਹਾ ਹੈ ਅਜ ਕਲ ਇਸਦੀ ਜ਼ਿਆਦਾ ਵਰਤੋਂ ਨਹੀਂ ਹੁੰਦੀ ਪਰ ਪੰਜਾਬ ਦੇ ਪੁਰਾਣੇ ਲੋਕ ਗੀਤ ਅਤੇ ਲੋਕ ਧੁਨਾਂ ਵਿੱਚ ਇਸ ਦਾ ਪ੍ਰਯੋਗ ਹੁੰਦਾ ਸੀ। ਪਾਕਿਸਤਾਨੀ ਗੀਤਾਂ ਵਿੱਚ ਇਸ ਤਾਲ ਦੀ ਵਰਤੋਂ ਮਿਲਦੀ ਹੈ ਜਾਂ ਕੀਰਤਨ ਸ਼ੈਲੀ ਵਿੱਚ ਪੁਰਾਣੇ ਰਾਗੀ ਰਬਾਬੀ ਪਸ਼ਤੋ ਤਾਲ ਵਿੱਚ ਸ਼ਬਦਾਂ ਦੀ ਬੰਦਸ਼ ਕਰਕੇ ਗਾਇਆ ਕਰਦੇ ਸਨ। ਜਿਵੇਂ ਦੀਪ ਚੰਦੀ (ਚੰਚਲ ਤਾਲ) ਦਾ ਚਲਨ ਹੈ ਕੁਝ ਅਜਿਹੀ ਹੀ ਇਸਦੀ ਚਾਲ ਹੈ ਟੇਢੀ-ਟੇਢੀ ਝੋਲ ਦਾਰ ਹੁਲਾਰੇ ਵਾਲੀ ਹੁੰਦੀ ਹੈ। ਇਸ ਤਾਲ ਵਿੱਚ ਵੀ ਖਾਲੀ ਨਹੀਂ ਹੁੰਦੀ ਮਾਤਰ ਵੰਡ ਰੂਪਕ ਤਾਲ ਵਾਲੀ ਹੀ ਹੈ।

| | | | | | | | |
|---|---|---|---|---|---|---|---|
| | 1 | 2 | 3 | 4 | 5 | 6 | 7 |
| I | ਧਿੰ | ऽ | ਤਕ | ਧਿੰ | ऽ | ਧਾ | ਗੇ |
| | x | | | 2 | | 3 | |
| II | ਤਕ | ਧਿੰ | ऽ | ਧਾ | ਗੇ | ਤਿੰ | ऽ |

ਉਪਰੋਕਤ ਸਾਰੀਆਂ ਤਾਲਾਂ ਨੂੰ ਪਹਿਲਾਂ ਤਾਲੀ ਦੇ ਕੇ ਬੋਲਣ ਦਾ ਅਭਿਆਸ ਕਰੋ ਫਿਰ ਤਬਲੇ ਉਪਰ ਪਹਿਲਾਂ ਠਾਹ, ਦੁਗਨ ਵਿੱਚ ਵਜਾਉਣ ਦਾ ਅਭਿਆਸ ਕਰੋ। ਅਭਿਆਸ ਕਰਨ ਨਾਲ ਇਨਾਂ ਵਿੱਚ ਨਿਖਾਰ ਆ ਜਾਵੇਗਾ ਤੇ ਤੁਹਾਡੇ ਹਥ ਵਿੱਚ ਵਜਾਉਣ ਦੀ ਸਫਾਈ। ਗੁਰੂ ਜੀ ਨੇ ਇੱਕ ਵਾਰ ਸਾਰੇ ਤਾਲਾਂ ਨੂੰ ਤਬਲੇ ਉੱਪਰ ਵਜਾ ਕੇ ਵਿਖਾਉਂਦੇ ਹੋਏ ਕਿਹਾ।

ਗੁਰਪ੍ਰੀਤ- "ਗੁਰੂ ਜੀ ਤਬਲਾ ਕਿਸੇ ਨੇ ਬਣਾਇਆ 'ਸੀ?"

ਗੁਰੂ ਜੀ- "ਤਬਲੇ ਦੇ ਜਨਮ ਸਬੰਧੀ ਵਿਦਵਾਨਾਂ ਦੀਆਂ ਵਖ ਵਖ ਰਾਵਾਂ ਹਨ। ਭਾਰਤੀ ਸੰਗੀਤ ਵਿੱਚ ਗਾਇਨ ਵਾਦਨ ਨਰਿਤ ਨਾਲ ਤਾਲ ਸਬੰਧੀ ਸਾਜ਼ਾਂ ਦਾ ਪ੍ਰਯੋਗ ਤਾਂ ਜੁਗਾਂ ਜੁਗਾਂਤਰਾਂ ਤੋਂ ਹੁੰਦਾ ਚਲਿਆ ਆ ਰਿਹਾ ਹੈ। ਕਿਉਂਕਿ ਤਾਲ ਸੰਗੀਤ ਦਾ ਧੁਰਾ ਹੈ। ਤਾਲ ਵਿਹੂਣਾ ਸੰਗੀਤ ਰੰਜਕਤਾ ਪੈਦਾ ਨਹੀਂ ਕਰ ਸਕਦਾ। ਇਸ ਕਰਕੇ ਸੰਗੀਤ ਵਿੱਚ ਤਾਲ ਵਾਲੇ ਸਾਜ਼ਾਂ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਭਾਰਤੀ ਪੌਰਾਣਿਕ ਗ੍ਰੰਥਾਂ ਵਿੱਚ ਤਾਲ ਦੇ ਸਾਜ਼ਾਂ ਦਾ ਜ਼ਿਕਰ ਆਇਆ ਹੈ ਉਨ੍ਹਾਂ ਵਿੱਚ ਵਿਸ਼ੇਸ਼ ਕਰ ਆਘਾਤੀ, ਬਾਨਸਪਤੀ, ਭੇਰੀ, ਦੁਰਦੁਰ, ਢੋਲ, ਨਗਾਰਾ, ਮ੍ਰਿਦੰਗ ਜਾਂ ਪਖਾਵਜ ਤੋਂ ਬਿਨ੍ਹਾਂ ਡਉਰੂ ਦਾ ਜ਼ਿਕਰ ਮਿਲਦਾ ਹੈ। ਆਧੁਨਿਕ ਯੁਗ ਚ ਤਾਲ ਸਬੰਧੀ ਸਾਜ਼ਾਂ ਵਿੱਚ ਸਭ ਤੋਂ ਪ੍ਰਧਾਨਤਾ ਤਬਲੇ ਨੂੰ ਹਾਸਲ ਹੈ। ਤਬਲੇ ਦੀ ਉਤਪਤੀ ਫਾਰਸੀ ਸ਼ਬਦ 'ਤਬਲ' ਤੋਂ ਹੋਈ ਜਿਸ ਦਾ ਅਰਥ ਹੈ 'ਨਗਾਰਾ'। ਭਾਰਤ ਵਿੱਚ ਧਰੁਪਦ ਧਮਾਰ ਗਾਇਨ ਸ਼ੈਲੀ ਵਿਕਸਤ ਹੋਈ ਜਿਸ ਨਾਲ ਸੰਗਤ ਕਰਨ ਲਈ ਪਖਾਵਜ ਪ੍ਰਧਾਨ ਰਿਹਾ। ਭਾਰਤ ਵਿੱਚ ਮੁਸਲਮਾਨ ਆਪਣੇ ਨਾਲ ਆਪਣੀ ਸੰਗੀਤ ਸ਼ੈਲੀ ਗਜ਼ਲ ਕਵਾਲੀ ਵੀ ਲਿਆਏ ਇਹ ਸ਼ਿੰਗਾਰ ਰਸੀ ਅਤੇ ਚੰਚਲ ਗਾਇਕੀ ਸੀ ਇਨਾਂ ਨਾਲ ਪਖਾਵਜ ਵਰਗਾ ਗੰਭੀਰ ਸਾਜ਼ ਸੰਗਤ ਕਰਨ ਦੇ ਅਨੁਕੂਲ ਨਹੀਂ ਸੀ। ਲੋੜ ਕਾਢ ਦੀ ਮਾਂ ਹੁੰਦੀ ਹੈ। ਅਜਿਹੇ ਸਮੇਂ ਇੱਕ ਅਜਿਹੇ ਸਾਜ਼ ਦੀ ਲੋੜ ਸੀ ਜੋ ਧਮਾਰ ਅਤੇ ਕਵਾਲੀ ਆਦਿ ਦੋਹਾਂ ਦੀ ਲੋੜ ਪੂਰੀ ਕਰ ਸਕੇ। ਤੇਹਰਵੀਂ ਸਦੀ ਦੇ ਬਾਦਸ਼ਾਹ ਅਲਾਉਦੀਨ ਖਿਲਜੀ ਦੇ ਪ੍ਰਸਿੱਧ ਸੰਗੀਤਕਾਰ ਅਮੀਰ ਖੁਸਰੋ (1253-1325 ਈ.) ਨੇ ਪਖਾਵਜ ਦੇ ਦੋ ਭਾਗ ਕਰਕੇ ਤਬਲੇ ਦੀ ਕਾਢ ਕੱਢੀ। ਭਾਵੇ ਇਸ ਗਲ ਦਾ ਕੋਈ ਇਤਿਹਾਸਕ ਪ੍ਰਮਾਣ ਨਹੀਂ ਮਿਲਦਾ ਪਰ ਇਹ ਕਿਦਵੰਤੀ (ਦੰਦ ਕਥਾ) ਹੈ। ਹੁਣ ਤਕ ਦੀ ਖੋਜ ਤੋਂ ਇਹ ਪਤਾ ਲਗਦਾ ਹੈ ਕਿ ਦਿੱਲੀ ਦੇ ਉਸਤਾਦ ਸਿਧਾਰ ਖਾਂ ਸਭ ਤੋਂ ਪਹਿਲੇ ਤਬਲਾ ਵਾਦਕ ਹੋਏ ਜਿਨ੍ਹਾਂ ਨੂੰ ਦਿੱਲੀ ਦਰਬਾਰ ਵਿੱਚ ਆਸਰਾ ਮਿਲਿਆ। ਉਹਨਾਂ ਨੇ ਪਖਾਵਜ ਦੇ ਬੋਲਾਂ ਨੂੰ ਸਹੀ ਕਰਕੇ ਤਬਲੇ ਉਪਰ ਵਜਾਉਣ ਦੇ ਯੋਗ ਬਣਾਇਆ ਅਤੇ ਦਿੱਲੀ ਘਰਾਣੇ ਦੀ ਨੀਂਹ ਰੱਖੀ। ਹਿੰਦੋਸਤਾਨ ਦੇ ਸਾਰੇ ਘਰਾਣੇ ਦਿੱਲੀ ਦੀਆਂ ਸ਼ਾਂਖਾਂ ਹਨ। ਪਰ ਪੰਜਾਬ ਘਰਾਣਾ ਸੁਤੰਤਰ ਹੈ। ਪੰਜਾਬ ਦੇ ਤਬਲਾ ਵਾਦਕਾਂ ਨੇ ਪਖਾਵਜ ਦੇ ਬੋਲ ਆਪਣੇ ਅਨੁਸਾਰ ਸੈਟ ਕਰਕੇ ਤਬਲੇ ਉਪਰ ਵਜਾਏ। ਪੰਜਾਬ ਬਾਜ ਦਾ ਇਹ ਵਿਸ਼ੇਸ਼ ਗੁਣ ਰਿਹਾ ਹੈ ਕਿ ਹੁਣ ਤਕ ਪੰਜਾਬ ਵਿੱਚ ਤਬਲੇ (ਸਜੇ) ਉਪਰ ਆਟਾ ਲਗਾ ਕੇ ਵਜਾਉਣ ਦਾ ਰਿਵਾਜ ਹੈ। ਕਿਉਂਕਿ ਗੁਰਮਤਿ ਸੰਗੀਤ ਸ਼ੈਲੀ ਵਿੱਚ ਧਰੁਪਦ ਅੰਗ ਅਤੇ ਖਿਆਲ ਅੰਗ ਦੋਹਾਂ ਸ਼ੈਲੀਆਂ ਵਿੱਚ ਕੀਰਤਨ ਗਾਇਨ ਕੀਤਾ ਜਾਂਦਾ ਹੈ ਇਸ ਕਰਕੇ ਪੰਜਾਬ ਦੇ ਤਬਲਾ ਵਾਦਕ ਤਬਲੇ ਉਪਰ ਹੀ ਦੋਹਾਂ ਸ਼ੈਲੀਆਂ ਦੀ ਸੰਗਤ ਕਰਨ ਦੀ ਸਮਰਥਾ ਰੱਖਦੇ ਹਨ। ਇਸ ਦੇ ਸਬੂਤ ਵਜੋਂ ਪੁਰਾਤਨ ਰਾਗੀ ਸਿੰਘ ਡੰਡਾਉਤ ਧਮਾਰ ਸ਼ੈਲੀ ਵਿੱਚ ਚਾਰਤਾਲ ਦਾ ਠੇਕਾ ਲਾ ਕੇ ਕਰਦੇ ਸਨ ਅਤੇ ਤਬਲੇ ਉਪਰ ਹੀ ਸਾਥ ਖੁਲ੍ਹੇ ਬੋਲ ਵਜਾਏ ਜਾਂਦੇ ਸਨ। ਨਵੀਂ ਪੀੜ੍ਹੀ ਦੇ ਰਾਗੀ ਸਿੰਘ ਖਿਆਲ ਅੰਗ ਦੀ ਗਾਇਕੀ ਵਿੱਚ ਕੀਰਤਨ ਕਰਦੇ ਹਨ ਤਾਂ ਤਬਲੇ ਦੀ ਸੰਗਤ ਇੱਕ ਤਾਲ, ਰੂਪਕ, ਤੀਨਤਾਲ ਆਦਿ ਤਾਲਾਂ ਵਿੱਚ ਕੀਤੀ ਜਾਂਦੀ ਹੈ। ਸੁਗਮ ਸੰਗੀਤ ਦੇ ਕੀਰਤਨ ਗਾਇਨ ਸ਼ੈਲੀ ਨਾਲ ਕਹਿਰਵਾ, ਦਾਦਰਾ ਤਾਲਾਂ ਵਿੱਚ ਚੰਚਲ ਲਗੀਆਂ ਲੜੀਆਂ ਤੋੜੇ ਅਤੇ ਥਾਪਾਂ ਵਜਾਈਆਂ ਜਾਂਦੀਆਂ ਹਨ। ਇਉਂ ਜਾਪਦੈ ਜਿਵੇਂ ਤਬਲੇ ਦਾ ਜਨਮ ਹੀ ਗੁਰਮਤਿ ਸੰਗੀਤ ਵਿੱਚ ਹੋਇਆ ਕਿਉਂਕਿ ਗੁਰਮਤਿ ਸੰਗੀਤ (ਕੀਰਤਨ) ਦੇ ਕੇਂਦਰ ਗੁਰਦੁਆਰਿਆਂ ਵਿੱਚ ਆਟੇ ਵਾਲੇ ਤਬਲੇ ਦਾ ਹੋਣਾ ਇਹ ਸਿੱਧ ਕਰਦਾ ਕਿ ਤਬਲਾ ਪਖਾਵਜ ਦੀ ਸੰਤਾਨ ਹੈ। ਭਾਵੇਂ ਹਿੰਦੋਸਤਾਨ ਦੇ ਵਿੱਚੋਂ ਇਹ ਸਬੂਤ ਖਤਮ ਹੋ ਗਿਆ ਹੈ। ਪਰ ਪੰਜਾਬ ਨੇ ਅਜੇ ਤਕ ਇਹ ਸਾਂਭ ਰਖਿਆ ਹੈ ਅਤੇ ਸਾਂਭਿਆ ਰਹੇਗਾ ਜੋ ਵਾਦਕ ਆਟੇ ਵਾਲੇ ਤਬਲੇ ਤੇ ਸਿੱਖੇ ਹਨ ਜਦੋਂ ਉਹ ਡੁੱਗੀ ਵਜਾਉਂਦੇ ਹਨ ਤਾਂ ਉਹ ਗਮਕ ਅਤੇ ਬੋਲਾਂ ਦੀ ਬਣਤਰ ਸੁਣਨ ਵਾਲੀ ਹੁੰਦੀ ਹੈ। ਪਾਕਿਸਤਾਨ ਦੇ ਸਾਰੇ ਵਾਦਕ ਆਟੇ ਵਾਲਾ ਧਾਮਾ ਵਜਾਉਂਦੇ ਹਨ। ਧਾਮੇ ਦਾ ਮੂੰਹ ਛੋਟਾ ਹੋਣ ਕਰਕੇ ਬੋਲਾਂ ਦੀ ਸਫਾਈ ਵਲ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਵਜਾਉਣ ਵਿੱਚ ਜੋਰ ਵੀ ਜ਼ਿਆਦਾ ਲਗਦਾ ਹੈ।

ਜਿੰਨੀ ਜੋਰਦਾਰ ਸਿਖਲਾਈ ਹੋਵੇਗੀ ਵਜਾਈ ਉਨੀ ਹੀ ਸੌਖੀ ਹੋਵੇਗੀ। ਅਜ ਆਮ ਵੇਖਣ ਵਿੱਚ ਆ ਰਿਹਾ ਹੈ ਕਿ ਚੰਗੇ ਚੰਗੇ ਤਬਲਾ ਵਾਦਕਾਂ ਦੇ ਡੁਗੀ ਭਰਨ ਵਿੱਚ ਉਹ ਗਮਕ ਨਹੀਂ ਬਣ ਸਕੀ ਜੋ ਚਾਹੀਦੀ ਸੀ। ਇਸਦਾ ਏਹੀ ਕਾਰਨ ਹੈ ਕਿ ਡੁਗੀ ਦਾ ਮੂੰਹ ਖੁਲ੍ਹਾ 9.5 ਇੰਚ ਹੋਣ ਕਰਕੇ ਅਤੇ ਸਿਆਹੀ ਲਗੀ ਹੋਣ ਕਰਕੇ ਥੋੜੇ ਜਿਹੇ ਵਜਨ ਨਾਲ ਹੀ ਵਜ ਜਾਂਦੀ ਹੈ। ਪਰ ਧਾਮੇ ਤੇ ਇਨੀ ਜਲਦੀ ਬੋਲ ਨਹੀਂ ਨਿਕਲਦਾ। ਕਿਉਂਕਿ ਉਸ ਦਾ ਮੂੰਹ ਛੋਟਾ ਹੁੰਦਾ ਹੈ ਦੂਸਰਾ ਆਟਾ ਵਧ-ਘਟ ਲਾਉਣਾ ਇਹ ਵੀ ਹੁਨਰ ਹੈ। ਅੱਜ ਵੀ ਲੋੜ ਹੈ ਕਿ ਅਭਿਆਸ ਧਾਮੇ ਤੇ ਆਟਾ ਲਾ ਕੇ ਕਰੋ ਅਤੇ ਪ੍ਰਦਰਸ਼ਨ ਸਮੇਂ ਸਟੇਜ ਤੇ ਡੁੱਗੀ ਵਜਾਉ।

❖ ❖ ❖

ਹੁਣ ਅਸੀਂ ਤੀਨ ਤਾਲ ਵਿੱਚ ਸਮ ਤੋਂ ਸਮ ਤਕ ਵਜਣ ਵਾਲੇ ਖੂਬਸੂਰਤ ਟੁਕੜੇ ਕਰਾਂਗੇ। ਕੀਰਤਨ ਨਾਲ ਤਬਲੇ ਦੀ ਸੰਗਤ ਕਰਦੇ ਹੋਏ ਇਨ੍ਹਾਂ ਦਾ ਪ੍ਰਯੋਗ ਕਰ ਸਕਦੇ ਹੈ ਕਿਉਂਕਿ ਇਹ ਜ਼ਿਆਦਾ ਲੰਬੇ ਅਤੇ ਭਾਰੇ ਨਹੀਂ ਹਨ। ਕਈ ਵਾਰ ਵਾਦਕ ਕੀਰਤਨ ਵਿੱਚ ਲੰਬੀਆਂ ਲੰਬੀਆਂ ਪਰਨਾਂ ਜਾਂ ਗਤਾਂ ਲੈ ਬੈਠਦੇ ਹਨ ਜੋ ਗੁਰਬਾਣੀ ਸ਼ਬਦ ਕੀਰਤਨ ਵਿੱਚ ਵਾਧਾ ਨਹੀਂ ਕਰਦੇ। ਸੋਲੋ ਵਾਦਨ ਸਮੇਂ ਕਲਾਕਾਰ ਨੂੰ ਪੂਰਾ ਅਧਿਕਾਰ ਹੁੰਦਾ ਹੈ ਕਿ ਉਹ ਆਪਣੀ ਕਲਾ ਦਾ ਪੂਰਾ ਪਰਦਰਸ਼ਨ ਕਰੇ ਅਤੇ ਸਰੋਤਿਆਂ ਤੋਂ ਵਾਹ-ਵਾਹ ਪ੍ਰਾਪਤ ਕਰੇ। ਸੰਗਤ ਕਰਨ ਲੱਗਿਆਂ ਇਹ ਗਲ ਧਿਆਨ ਵਿੱਚ ਰਖਣੀ ਚਾਹੀਦੀ ਹੈ ਕਿ ਤਬਲਾ ਕੀਰਤਨ ਵਿੱਚ ਭਾਰੂ ਨਾ ਹੋਵੇ। ਸਗੋਂ ਇਸ ਤਰ੍ਹਾਂ ਵਜਾਉਣਾ ਚਾਹੀਦਾ ਹੈ ਕਿ ਸ਼ਬਦ ਦੀ ਰੰਜਕਤਾ ਵਿੱਚ ਵਾਧਾ ਹੋ ਸਕੇ ਗਾਇਕ ਪੂਰੇ ਮਨ ਨਾਲ ਗਾ ਸਕੇ ਅਤੇ ਸਰੋਤੇ ਪੂਰਾ ਅਨੰਦ ਪ੍ਰਾਪਤ ਕਰ ਸਕਣ। ਕਈ ਵਾਰ ਐਸਾ ਹੁੰਦਾ ਹੈ ਕਿ ਤਬਲਾ ਵਾਦਕ ਠੇਕਾ ਹੀ ਟੇਡਾ ਜਿਹਾ ਰਖ ਲੈਂਦੇ ਜਿਸ ਨਾਲ ਗਾਉਣ ਵਾਲੇ ਨੂੰ ਦਿੱਕਤ ਮਹਿਸੂਸ ਹੁੰਦੀ ਹੈ ਜਾਂ ਉਹ ਠੇਕਾ ਗਾਈ ਜਾ ਰਹੀ ਬੰਦਸ਼ ਨਾਲ ਮੇਚ ਨਹੀਂ ਖਾਂਦਾ। ਵਾਦਕ ਨੂੰ ਇਸ ਗਲ ਦਾ ਧਿਆਨ ਰਖਣਾ ਚਾਹੀਦਾ ਹੈ ਸੰਗਤ ਕਰਦੇ ਸਮੇਂ ਤਬਲਾ ਸ਼ਬਦ ਕੀਰਤਨ ਦੇ ਆਨੰਦ ਵਿੱਚ ਵਾਧਾ ਕਰੇ ਨਾ ਕਿ ਬੇਲੋੜਾ ਸ਼ੋਰ। ਕਈ ਵਾਰ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਤਬਲਾ ਵਾਦਕ ਲੋੜ ਤੋਂ ਜ਼ਿਆਦਾ ਜੋਰ ਲਾ ਕੇ ਤਬਲਾ ਵਜਾਉਂਦੇ ਹਨ ਜਿਸ ਨਾਲ ਕੀਰਤਨ ਵਿੱਚ ਤਬਲਾ ਭਾਰੂ ਹੋ ਜਾਂਦਾ ਹੈ। ਇਸਦੇ ਦੋ ਕਾਰਨ ਹਨ ਇੱਕ ਤਾਂ ਪ੍ਰੈਕਟਿਸ ਦੀ ਘਾਟ ਕਰਕੇ ਵਾਦਕ ਵਿੱਚ ਵਜਾਉਣ ਦੀ ਸਮਰਥਾ ਨਾ ਹੋਣਾ ਜਿਸ ਕਰਕੇ ਜ਼ਿਆਦਾ ਜੋਰ ਲਗਾਉਣਾ ਪੈਂਦਾ। ਦੂਸਰਾ ਕਾਰਨ ਹੈ ਗਲਤ ਆਦਤ ਦਾ ਪਕ ਜਾਣਾ। ਸ਼ੁਰੂ ਵਿੱਚ ਉਸਤਾਦ ਨੇ ਇਸ ਗਲ ਵਲ ਧਿਆਨ ਨਹੀਂ ਦਿੱਤਾ ਅਤੇ ਵਿਦਿਆਰਥੀ ਦੀ ਆਦਤ ਪਕ ਗਈ। ਜੋਰ ਲਾ ਲਾ ਕੇ ਤਬਲਾ ਵਜਾਉਣਾ ਜਿਵੇਂ ਤਬਲਾ ਕੁਟ ਰਿਹਾ ਹੋਵੇ ਇਹ ਦੋਸ਼ ਹੈ, ਧਿਆਨ ਰਖਿਉ...। ਇਹ ਦੋਸ਼ ਕਿਤੇ ਤੁਹਾਡੇ ਵਿੱਚ ਤਾਂ ਨਹੀਂ ਪੈਦਾ ਹੋ ਰਿਹਾ। ਅੱਜਕਲ ਤਾਂ ਸਟੇਜ ਤੇ ਮਾਈਕ ਲਗੇ ਹੁੰਦੇ ਹਨ ਤਬਲੇ ਵਾਲੇ ਕੋਲ ਵੀ ਮਾਈਕ ਲਗੇ ਹੁੰਦੇ ਹਨ। ਫਿਰ ਜੋਰ ਲਾਉਣ ਦਾ ਕੀ ਕੰਮ। ਹਾਂ, ਪਹਿਲਾਂ ਸਮਾਂ ਸੀ ਜਦ ਇਕ ਮਾਇਕ ਹੁੰਦਾ ਸੀ ਹੈਡ ਰਾਗੀ ਦੇ ਮੂਹਰੇ ਉਸਨੇ ਹੀ ਤਬਲੇ ਦੀ ਅਤੇ ਸਾਈਡ ਦੀ ਆਵਾਜ਼ ਪਕੜ ਕਰਨੀ ਸੀ। ਜਾਂ ਉਸ ਤੋਂ ਵੀ ਪਹਿਲਾਂ ਜਦੋਂ ਮਾਈਕ ਹੁੰਦੇ ਹੀ ਨਹੀਂ ਸੀ ਉਦੋਂ ਤਾਂ ਕੀਰਤਨ ਕਰਨਾ ਤੇ ਤਬਲਾ ਵਜਾਉਣਾ ਵੀ ਤਕੜੇ ਬੰਦੇ ਦਾ ਹੀ ਕੰਮ ਸੀ ਪਰ ਹੁਣ ਵਿਗਿਆਨ ਦੇ ਪ੍ਰਸਾਰ ਨਾਲ ਸਾਰਾ ਕੁਝ ਸੌਖਾ ਹੋ ਗਿਆ ਹੁਣ ਜ਼ਿਆਦਾ ਜੋਰ ਹੱਥ ਦੀ ਤਿਆਰੀ ਅਤੇ ਬੋਲਾਂ ਦੀ ਸਫਾਈ ਵਲ ਦੇਣਾ ਚਾਹੀਦਾ ਹੈ ਨਾ ਕਿ ਜ਼ਿਆਦਾ ਜੋਰ ਦੀ ਵਜਾਉਣਾ ਵਲ। ਉਪਰੋਕਤ ਗੱਲਾਂ ਨੂੰ ਆਪਣੇ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

**ਤੀਨ ਤਾਲ ਸਮ ਤੋਂ ਸਮ ਤਿਹਾਈ:**

| | | | | | | | | |
|---|---|---|---|---|---|---|---|---|
| 1. | ਧਾਧਾ | ਤਿਰਕਿਟ | ਧਾਧਾ | ਤਿਰਕਿਟ | ਧਾ | ऽऽ | ਧਾਧਾ | ਤਿਰਕਿਟ |
| | X | | | | 2 | | | |
| | ਧਾਧਾ | ਤਿਰਕਿਟ | ਧਾ | ऽ | ਧਾਧਾ | ਤਿਰਕਿਟ | ਧਾਧਾ | ਤਿਰਕਿਟ |
| | 3 | | | | 3 | | | |
| 2. | ਧਾਗੇ | ਤਿਰਕਿਟ | ਧਿਨਾ | ਗਿਨਾ | ਧਾ | ਧਾ | ਧਾਗੇ | ਤਿਰਕਿਟ |
| | ਧਿਨਾ | ਗਿਨਾ | ਧਾ | ਧਾ | ਧਾਗੇ | ਤਿਰਕਿਟ | ਧਿਨਾ | ਗਿਨਾ |

| | | | | | | | | |
|---|---|---|---|---|---|---|---|---|
| 3. | ਧਾ | ਤਿਰਕਿਟ | ਧਿਨਾ | ਗਿਨਾ | ਧਾਗੇ | ਤਿਰਕਿਟ | ਧਿਨਾ | ਗਿਨਾ |
| | ਧਾ | ਧ | ਧ | ਧਾ | ਤਿਰਕਿਟ | ਧਿਨਾ | ਗਿਨਾ | ਧਾਗੇ |
| | ਤਿਰਕਿਟ | ਧਿਨਾ | ਗਿਨਾ | ਧਾ | ਧਾ | ਧਾ | ਧਾ | ਤਿਰਕਿਟ |
| | ਧਿਨਾ | ਗਿਨਾ | ਧਾਗੇ | ਤਿਰਕਿਟ | ਧਿਨਾ | ਗਿਨਾ | ਧਾ | ਧਾ |
| | ਧਾ | | | | | | | |
| | X | | | | | | | |
| | ਧਾ | ਤੂਨਾ | ਕਤਾ | ਧਾਤਿਰ | ਕਿਟਤਕ | ਤਿਰਕਿਟ | ਤਿਕਤਕ | ਤਿਰਕਿਟ |
| | X | | | | 2 | | | |
| | ਧਾ | ਤਿਰਕਿਟ | ਤਿਕਤਕ | ਤਿਰਕਿਟ | ਧਾ | ਤਿਰਕਿਟ | ਤਿਕਤਕ | ਤਿਰਕਿਟ |
| | ਧਾ | | | | | | | |
| | X | | | | | | | |
| | ਧਾਗੇ | ਤਿਟ | ਤਾਕੇ | ਤਿਟ | ਤਾਕੇ | ਤਿਰਕਿਟ | ਤਿਕਤਾ | ਤਿਰਕਿਟ |
| | ਧਾ | ਤਿਰਕਿਟ | ਤਿਕਤਾ | ਤਿਰਕਿਟ | ਧਾ | ਤਿਰਕਿਟ | ਤਿਕਤਾ | ਤਿਰਕਿਟ |
| | ਧਾ | | | | | | | |
| | X | | | | | | | |
| | ਧਾ | ਕਤਾ | ਗਿਨਾ | ਤੂਨਾ | ਕਿੜਧਾ | ਕਤਾ | ਗਿਨਾ | ਤੂਨਾ |
| | ਕਿੜਧੇ | ऽਤ | ਧਾ | ਕਿੜਧੇ | ऽਤ | ਧਾ | ਕਿੜਧੇ | ऽਤ |
| | ਧਾ | | | | | | | |
| | X | | | | | | | |
| | ਕਿੜਧਾ | ਤਿਟ | ਗਿਨਾ | ਤਿਨਾ | ਕਿੜਨਗ | ਤਿਰਕਿਟ | ਤਿਕਤਕ | ਤਿਰਕਿਟ |
| | X | | | | 2 | | | |
| | ਧਾ | ਤਿਰਕਿਟ | ਤਿਕਤਕ | ਤਿਰਕਿਟ | ਧਾ | ਤਿਰਕਿਟ | ਤਿਕਤਕ | ਤਿਰਕਿਟ |
| | X | | | | 3 | | | |
| | ਧਾਗੇ | ਧਿੰਨਾ | ਤਾਕੇ | ਤਿਨਾ | ਕਤੀ | ਨਾਕਿਟ | ਤਿਕਤਕ | ਤਿਰਕਿਟ |
| | X | | | | 2 | | | |
| | ਧਾ | ਤਿਰਕਿਟ | ਤਿਕਤਕ | ਤਿਰਕਿਟ | ਧਾ | ਤਿਰਕਿਟ | ਤਿਕਤਕ | ਤਿਰਕਿਟ |
| | X | | | | 3 | | | |
| | ਤਿੰ | ਤਿਨਾ | ਤਾਤੀ | ਤਾਕਿਟ | ਤਿਕਤਕ | ਤਿਰਕਿਟ | ਧਾ | ਤਾਤੀ |
| | X | | | | 2 | | | |
| | ਤਾਕਿਟ | ਤਿਕਤਕ | ਤਿਰਕਿਟ | ਧਾ | ਤਾਤੀ | ਤਾਕਿਟ | ਤਿਕਤਕ | ਤਿਰਕਿਟ |
| | X | | | | 3 | | | |

ਉਪਰੋਕਤ ਤਿਹਾਈਆਂ ਨੂੰ ਪਹਿਲਾਂ ਬਰਾਬਰ ਦੀ ਲੈ ਵਿੱਚ ਵਜਾਉਣ ਦਾ ਅਭਿਆਸ ਕਰੋ ਜਦੋਂ ਜ਼ੁਬਾਨੀ ਯਾਦ ਹੋ ਜਾਣ ਅਤੇ ਹਥ ਤੇ ਚੜ ਜਾਣ ਤਾਂ ਦੁਗਣ ਦੀ ਲੈ ਵਿੱਚ ਵਜਾਉ। ਸ਼ਬਦ ਕੀਰਤਨ ਨਾਲ ਤਬਲੇ ਦੀ ਸੰਗਤ ਕਰਦੇ ਸਮੇਂ ਅਜਿਹੀਆਂ ਨਿਕੀਆਂ ਨਿਕੀਆਂ ਤਿਹਾਈਆਂ ਰੰਜਕਤਾ ਪੈਦਾ ਕਰਦੀਆਂ ਹਨ ਹਥ ਸਧ ਜਾਣ ਤੇ ਫਿਰ ਮੁਸ਼ਕਿਲ ਚੀਜਾਂ ਦਾ ਅਭਿਆਸ ਕਰਾਂਗੇ।

# ਆਪਣੇ ਨਾਮ ਵਾਂਗ ਹੀ ਗੁਰਮੁਖ ਹਨ ਭਾਈ ਗੁਰਮੁਖ ਸਿੰਘ

**ਜਥੇਦਾਰ ਸਾਧੂ ਸਿੰਘ**, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਪਿੰਡ ਟੋਡਰ ਮਾਜਰਾ, ਡਾਕਖਾਨਾ ਮਜਾਤੜੀ, ਜਿਲ੍ਹਾ ਰੋਪੜ

ਪਿੰਡ ਬਾਸੀਆਂ ਬੇਦਵਾਣ (ਫਤਹਿਗੜ੍ਹ ਸਾਹਿਬ) ਦੇ ਗੁਰਦੁਆਰਾ ਸਾਹਿਬ ਵਿੱਚ ਵਾਜਾ ਢੋਲਕੀ ਰੋਜ਼ ਵੱਜੇ ਨਾ ਵੱਜੇ ਪਰ ਗੁਰਮੁਖ ਸਿੰਘ ਦੇ ਘਰ ਸਵੇਰ ਸੰਧਿਆ ਦੋ ਵਕਤ ਵਾਜਾ ਢੋਲਕੀ ਜ਼ਰੂਰ ਵਜਦੀ ਹੈ। ਪਿਛਲੇ 15 ਸਾਲਾਂ ਤੋਂ ਅਜਿਹਾ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਭਾਈ ਗੁਰਮੁਖ ਸਿੰਘ ਕੀਰਤਨ ਨੂੰ ਹੀ ਭਗਤੀ ਤੇ ਮੁਕਤੀ ਦਾ ਉੱਤਮ ਸਾਧਨ ਮੰਨਦੇ ਹਨ।

ਭਾਈ ਗੁਰਮੁਖ ਸਿੰਘ ਮੱਧ ਸ਼੍ਰੇਣੀ ਦੇ ਕਿਸਾਨੀ ਪਰਿਵਾਰ ਪਿੰਡ ਬਾਸੀਆਂ ਬੇਦਵਾਣ ਵਿਖੇ ਗਿਆਨੀ ਭਜਨ ਸਿੰਘ ਦੇ ਘਰ ਮਾਤਾ ਅਮਰ ਕੌਰ ਜੀ ਦੀ ਕੁੱਖੋਂ 20-9-1948 ਨੂੰ ਪੈਦਾ ਹੋਏ। ਘਰ ਵਿੱਚ ਸ਼ੁਰੂ ਤੋਂ ਹੀ ਕਿਰਤ ਕਰਨ ਤੇ ਨਾਮ ਜਪਣ ਦਾ ਮਾਹੌਲ ਸੀ। ਪਿਤਾ ਗਿਆਨੀ ਭਜਨ ਸਿੰਘ ਰੱਬ ਦਾ ਸ਼ੁਕਰ ਕਰਨ ਵਾਲੇ ਭਜਨੀਕ ਪੁਰਸ਼ ਸਨ। ਬੜੀ ਹੀ ਤੰਗੀ ਤੁਰਸ਼ੀ ਦੇ ਦਿਨਾਂ ਵਿੱਚ ਭਾਈ ਗੁਰਮੁਖ ਸਿੰਘ ਨੇ ਪਿੰਡੋਂ 10 ਕਿਲੋਮੀਟਰ ਦੂਰ ਪੈਦਲ ਜਾ ਕੇ ਗੌਰਮਿੰਟ ਹਾਈ ਸਕੂਲ ਲਾਂਡਰਾਂ (ਰੋਪੜ) ਤੋਂ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ। ਅੱਜ ਕੱਲ੍ਹ ਟੈਲੀਫ਼ੂਨ ਸੁਪਰਵਾਇਜ਼ਰ ਦੀ ਨੌਕਰੀ ਦੇ ਨਾਲ ਨਾਲ ਜ਼ਮੀਨ ਦੇ ਇੱਕ ਟੋਟੇ ਤੇ ਖੇਤੀਬਾੜੀ ਵੀ ਕਰਦੇ ਹਨ।

ਭਾਈ ਗੁਰਮੁਖ ਸਿੰਘ ਨੂੰ 1984 ਦੇ ਸੰਕਟ ਵੇਲੇ ਹੋਏ ਕੀਰਤਨ ਦਰਬਾਰਾਂ ਤੋਂ ਅਤੇ ਉਸੇ ਵੇਲੇ ਤੋਂ ਰੇਡੀਓ ਤੇ ਦਰਬਾਰ ਸਾਹਿਬ ਤੋਂ ਕੀਰਤਨ ਪ੍ਰਸਾਰਣ ਸੁਣ ਕੇ ਖੁਦ ਆਪ ਕੀਰਤਨ ਕਰਨ ਦਾ ਸ਼ੌਕ ਜਾਗਿਆ। ਗੁਰਬਾਣੀ ਦੇ ਅਰਥਾਂ ਨੂੰ ਸਮਝਣ ਦੀ ਖਾਹਿਸ਼ ਇਸ ਤੋਂ ਵੀ ਪਹਿਲਾਂ ਪ੍ਰਬਲ ਹੋ ਗਈ ਸੀ। ਆਪ ਦੀ ਨਿੱਕੀ ਜਿਹੀ ਲਾਇਬ੍ਰੇਰੀ ਵਿੱਚ ਕੁਝ ਧਾਰਮਿਕ ਪੁਸਤਕਾਂ ਤੋਂ ਇਲਾਵਾ ਸਮੁੱਚੀ ਗੁਰਬਾਣੀ ਦਾ ਸਟੀਕ, ਭਾਈ ਵੀਰ ਸਿੰਘ ਤੇ ਭਾਈ ਕਾਹਨ ਸਿੰਘ ਨਾਭਾ ਦੇ ਕੋਸ਼ ਮੌਜੂਦ ਹਨ। ਆਪ ਨੇ ਕੀਰਤਨ ਸਿੱਖਣ ਲਈ ਲਿਖਿਤ ਸੁਰ ਲਿਪੀਆਂ ਨੂੰ ਆਧਾਰ ਬਣਾਇਆ। ਮੁੱਢਲੀ ਕੀਰਤਨਕਾਰੀ ਲਈ ਭਾਈ ਗੁਰਬਖਸ਼ ਸਿੰਘ ਸ਼ਾਂਤ ਮੁਹਾਲੀ ਵਾਲਿਆਂ ਨੂੰ ਆਪਣਾ ਮਾਰਗ ਦਰਸ਼ਕ ਚੁਣਿਆ। ਭਾਈ ਗੁਰਮੁਖ ਸਿੰਘ ਦਾ ਕਹਿਣਾ ਹੈ ਕਿ ਸ਼ਾਂਤ ਸਾਹਿਬ ਪੁਰਾਤਨ ਅਤੇ ਨਵੀਨ ਕੀਰਤਨ ਪੱਧਤੀ ਦੇ ਪੂਰਨ ਉਸਤਾਦ ਹਨ।

ਭਾਈ ਗੁਰਮੁਖ ਸਿੰਘ ਨੇ ਭਾਵੇਂ ਸੁਤੰਤਰ ਤੌਰ ਤੇ ਆਪਣਾ ਕੋਈ ਜਥਾ ਨਹੀਂ ਬਣਾਇਆ ਪਰ ਫੇਰ ਵੀ ਉਹ ਇੱਕ ਮਿਸ਼ਨਰੀ ਦੇ ਤੌਰ ਤੇ ਕੰਮ ਕਰ ਰਹੇ ਹਨ। ਉਹ ਇਸ ਸਮੇਂ ਤੱਕ 10 ਰਾਗਾਂ ਤੇ 3 ਤਾਲਾਂ ਵਿੱਚ 100 ਦੇ ਕਰੀਬ ਸ਼ਬਦਾਂ ਦਾ ਜਬਾਨੀ ਕੀਰਤਨ ਕਰ ਲੈਂਦੇ ਹਨ। ਵਿਸ਼ੇਸ਼ ਪ੍ਰੋਗਰਾਮਾਂ ਤੇ ਫਤਹਿਗੜ੍ਹ ਸਾਹਿਬ ਅਤੇ ਪਟਨਾ ਸਾਹਿਬ ਵਿਖੇ ਕੀਰਤਨ ਕਰ ਚੁੱਕੇ ਹਨ। ਕੀਰਤਨ ਤੋਂ ਇਲਾਵਾ ਕਥਾ ਦੀ ਮੁਹਾਰਤ ਲਗਾਤਾਰ ਅਭਿਆਸ ਸਦਕਾ ਇਤਨੀ ਕੁ ਹੋ ਚੁੱਕੀ ਹੈ ਕਿ ਕਿਸੇ ਵੀ ਸਮੇਂ ਕਿਸੇ ਵੀ ਸ਼ਬਦ ਦੀ ਵਿਆਖਿਆ ਬਾਖੂਬੀ ਕਰ ਲੈਂਦੇ ਹਨ। ਉਹਨਾਂ ਨੇ ਭਾਈ ਬਖਸ਼ੀਸ਼ ਸਿੰਘ, ਭਾਈ ਗੁਰਮੇਜ ਸਿੰਘ ਅਤੇ ਡਾ. ਜਾਗੀਰ ਸਿੰਘ ਚੰਡੀਗੜ੍ਹ ਵਾਲਿਆਂ ਨੂੰ ਚੰਗੇ ਕੀਰਤਨੀਏ ਮੰਨਿਆ ਹੈ। ਡਾ. ਜਾਗੀਰ ਸਿੰਘ ਬਾਰੇ ਉਹਨਾਂ ਦਾ ਕਹਿਣਾ ਹੈ ਕਿ ਏਡੀ ਕਲਾ ਦੇ ਮਾਹਿਰ ਹੋਣ ਦੇ ਬਾਵਜੂਦ ਵੀ ਉਹ ਸਾਡੇ ਪਿੰਡਾਂ ਵਿੱਚ ਨਿਸੁਆਰਥ ਸੇਵਾ ਕਰ ਜਾਂਦੇ ਹਨ। ਜਿਸ ਨੂੰ ਭਾਈ ਸਾਹਿਬ ਇੱਕ ਉਤਮ ਕਰਮ ਮੰਨਦੇ ਹਨ।

ਭਾਈ ਗੁਰਮੁਖ ਸਿੰਘ ਨੂੰ ਇੱਕ ਗੱਲ ਦਾ ਬੜਾ ਦੁੱਖ ਹੈ ਕਿ ਅੱਜ ਕੱਲ ਹਲਕੀ ਪੱਧਰ ਦੇ ਕੀਰਤਨ ਦਾ ਰਿਵਾਜ ਬਣਦਾ ਜਾ ਰਿਹਾ ਹੈ। ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ। ਭਾਈ ਸਾਹਿਬ ਦਾ ਨਿਸਚਾ ਹੈ ਕਿ ਕੀਰਤਨ ਨਿਰਧਾਰਤ ਰਾਗਾਂ ਵਿੱਚ ਹੀ ਹੋਣਾ ਚਾਹੀਦਾ ਹੈ ਜਿਵੇਂ ਕਿ ਗੁਰਬਾਣੀ ਦਾ ਫ਼ੁਰਮਾਨ ਹੈ, *"ਗੁਨ ਗੋਬਿੰਦ ਗਾਵਹੁ ਸਭ ਹਰਿ ਜਨ ਰਾਗ ਰਤਨ ਰਸਨਾ ਆਲਾਪ॥"*

ਦਰਬਾਰ ਸਾਹਿਬ ਤੋਂ ਕੀਰਤਨ ਪ੍ਰਸਾਰਨ ਨੂੰ ਉਹਨਾਂ ਉਤਮ ਯਤਨ ਕਿਹਾ ਹੈ। ਉਹਨਾਂ ਨੇ ਇਹ ਕੀਰਤਨ ਸੁਣਨ ਲਈ ਵਿਸ਼ੇਸ਼ ਰੇਡੀਓ ਸੈੱਟ ਰੱਖੇ ਹੋਏ ਹਨ। ਭਾਈ ਗੁਰਮੁਖ ਸਿੰਘ ਦਾ ਕਹਿਣਾ ਹੈ ਕਿ ਕੈਸਟਾਂ ਬਹੁਤ ਆ ਰਹੀਆਂ ਹਨ। ਇਹਨਾਂ ਕੈਸਟਾਂ ਵਿੱਚ ਆਮ ਤੌਰ ਤੇ ਹਲਕੇ ਫੁਲਕੇ ਸੰਗੀਤ ਉੱਤੇ ਆਧਾਰਤ ਗੀਤਾਂ ਹੁੰਦੀਆਂ ਹਨ। ਇਹਨਾਂ ਵਿੱਚ ਕਹਿਰਵੇ ਤੋਂ ਬਿਨਾਂ ਸ਼ਾਇਦ ਹੀ ਕੋਈ ਤਾਲ ਸੁਣਨ ਨੂੰ ਮਿਲਦੀ ਹੋਵੇ।

ਭਾਈ ਗੁਰਮੁਖ ਸਿੰਘ ਦਾ ਸੁਨੇਹਾ ਹੈ ਕਿ ਗੁਰਮਤਿ ਕੀਰਤਨ ਦੀ ਪੁਰਾਤਨ ਪਰੰਪਰਾ ਨੂੰ ਸਜੀਵ ਕਰਨ ਦੀ ਲੋੜ

ਹੈ। ਹਰ ਜਥੇ ਨੂੰ ਘੱਟੋ-ਘੱਟ ਇੱਕ ਸ਼ਬਦ ਤਾਂ ਜ਼ਰੂਰ ਹੀ ਨਿਰਧਾਰਤ ਰਾਗ ਵਿੱਚ ਪੜ੍ਹਨਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਅਸਲ ਕਾਰਜ ਗੁਰਮਤਿ ਪ੍ਰਚਾਰ ਵੱਲ ਪਰਤਣਾ ਚਾਹੀਦਾ ਹੈ। ਆਪਣੇ ਤੌਰ ਤੇ ਧੁਰ ਅੰਦਰੋਂ ਜੁੜੇ ਕੀਰਤਨਕਾਰਾਂ ਤੇ ਕਥਾਵਾਚਕਾਂ ਦੀ ਪਹਿਚਾਣ ਕਰਕੇ ਉਹਨਾਂ ਦੀ ਕਲਾ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕਮੇਟੀ ਵਲੋਂ ਹੋਣੇ ਚਾਹੀਦੇ ਹਨ। ਭਾਈ ਸਾਹਿਬ ਦਾ ਕਹਿਣਾ ਹੈ ਕਿ ਉਹ ਵੱਡੇ ਪ੍ਰੋਗਰਾਮਾਂ ਵਿੱਚ ਕੀਰਤਨ ਕਰਨ ਦੀ ਥਾਂ ਛੋਟੇ ਪਿੰਡਾਂ ਜਿੱਥੇ ਕਦੇ ਵੀ ਕਥਾ ਕੀਰਤਨ ਨਹੀਂ ਹੁੰਦਾ ਵਿੱਚ ਕਥਾ ਕੀਰਤਨ ਕਰਨ ਨੂੰ ਜ਼ਿਆਦਾ ਚੰਗਾ ਸਮਝਦੇ ਹਨ। ਇਸ ਤਰ੍ਹਾਂ ਕਰਨ ਨਾਲ ਗੁਰੂ ਨਾਨਕ ਦਾ ਉਪਦੇਸ਼ ਘਰ ਘਰ ਪਹੁੰਚਦਾ ਹੈ ਤੇ ਪ੍ਰਚਾਰਕ ਦਾ ਜਨਮ ਵੀ ਸਫ਼ਲਾ ਹੁੰਦਾ ਹੈ।

## ਜ਼ਰੂਰੀ ਬੇਨਤੀ

***ਆਦਰ ਯੋਗ ਜੀਓ, 'ਅੰਮ੍ਰਿਤ ਕੀਰਤਨ', ਕੀਰਤਨੀਆਂ, ਸੰਗੀਤਕਾਰਾਂ, ਤਬਲਾਵਾਦਕਾਂ, ਕਥਾਕਾਰਾਂ ਆਦਿ ਨੂੰ ਉਤਸ਼ਾਹਿਤ ਲਈ ਅਤੇ ਪਾਠਕਾਂ ਨੂੰ ਇਹਨਾਂ ਬਾਰੇ ਜਾਣਕਾਰੀ ਦੇਣ ਲਈ ਜਤਨਸ਼ੀਲ ਹੈ। ਆਪ ਆਪਣੇ ਕਿਸੇ ਜਾਣਕਾਰ ਕੀਰਤਨੀਏ, ਸੰਗੀਤਕਾਰ, ਤਬਲਾਵਾਦਕ, ਕਥਾਵਾਚਕ ਆਦਿ ਬਾਰੇ ਜਾਣਕਾਰੀ ਭੇਜੋ। ਸਾਨੂੰ ਪ੍ਰਕਾਸ਼ਿਤ ਕਰਕੇ ਖੁਸ਼ੀ ਹੋਵੇਗੀ। ਸਹਾਇਤਾ ਲਈ ਪ੍ਰਸ਼ਨਾਵਲੀ ਦਿੱਤੀ ਜਾ ਰਹੀ ਹੈ।***

***ਸੰਪਾਦਕ***

**ਜੀਵਨ ਬਿਉਰਾ** : 1. ਨਾਮ 2. ਪਿਤਾ ਦਾ ਨਾਂ 3. ਜਨਮ ਮਿਤੀ 4. ਜਨਮ ਸਥਾਨ 5. ਪਿਤਾ ਦਾ ਕੰਮਕਾਰ 6. ਵਿਦਿਅਕ ਯੋਗਤਾ 7. ਸਕੂਲ/ਕਾਲਜ ਦਾ ਨਾਂ 8. ਕੀਰਤਨ ਸਬੰਧੀ ਯੋਗਤਾਵਾਂ
(ੳ) ਸੰਗੀਤ ਦਾ ਸ਼ੌਕ ਕਦੋਂ ਅਤੇ ਕਿਵੇਂ ਲੱਗਾ ਹੈ? (ਅ) ਸੰਗੀਤ ਸਿਖਿਆ ਕਿੱਥੋਂ ਪ੍ਰਾਪਤ ਕੀਤੀ? (ੲ) ਸੰਗੀਤ ਸਿਖਿਆ ਕਿਸ ਕੋਲੋਂ ਪ੍ਰਾਪਤ ਕੀਤੀ? (ਸ) ਕਿੰਨੀ ਦੇਰ ਤਕ ਸੰਗੀਤ ਸਿਖਿਆ ਲਈ? (ਹ) ਸਿਖਿਆ ਦੌਰਾਨ ਕੋਈ ਵਿਸ਼ੇਸ਼ ਪ੍ਰਾਪਤੀ? (ਕ) ਟਕਸਾਲ ਜਾਂ ਵਿਦਿਆਲੇ ਦਾ ਨਾਂ? (ਖ) ਆਪਣੇ ਸੰਗੀਤ ਅਧਿਆਪਕ ਬਾਰੇ ਵਿਚਾਰ?

9. ਸੁਤੰਤਰ ਤੌਰ ਤੇ ਕੀਰਤਨ ਕਰਨਾ ਕਦੋਂ ਸ਼ੁਰੂ ਕੀਤਾ?
10. ਕਿਹੜੇ ਕਿਹੜੇ ਰਾਗੀ ਜਥੇ ਵਿੱਚ ਸਹਾਇਕ ਰਾਗੀ ਵਜੋਂ ਕੀਰਤਨ ਕੀਤਾ?
11. ਕੀਰਤਨੀਏ ਵਜੋਂ ਕਿੱਥੇ ਨੌਕਰੀ ਕੀਤੀ? ਪ੍ਰਾਪਤ ਹੋਏ ਪ੍ਰਸ਼ੰਸ਼ਾ ਪੱਤਰ ਅਤੇ ਵਿਸ਼ੇਸ਼ ਸਨਮਾਨ?
12. ਕਿੰਨੀ ਦੇਰ ਤੋਂ ਸੁਤੰਤਰ ਤੌਰ ਤੇ ਆਪਣਾ ਜਥਾ ਹੈ? ਜਥੇ ਦੇ ਸਾਰੇ ਮੈਂਬਰਾਂ ਦੇ ਨਾਂ।
13. ਸੁਤੰਤਰ ਰੂਪ ਵਿੱਚ ਕੀਰਤਨ ਕਰਦਿਆਂ ਪ੍ਰਾਪਤ ਸਨਮਾਨਾਂ ਦਾ ਵੇਰਵਾ?
14. ਕਿੰਨੇ ਸ਼ਬਦ ਜ਼ਬਾਨੀ ਯਾਦ ਹਨ?
15. ਕਿੰਨੇ ਰਾਗਾਂ ਅਤੇ ਤਾਲਾਂ ਵਿੱਚ ਕੀਰਤਨ ਕਰ ਸਕਦੇ ਹੋ?
16. ਕੀ ਰੇਡੀਓ ਜਾਂ ਟੈਲੀਵਿਜਨ ਤੇ ਕੀਰਤਨੀਏ ਵਜੋਂ ਪ੍ਰਮਾਣਿਤ ਹੋ? ਕਿੰਨੀ ਵਾਰ ਮੌਕਾ ਮਿਲਿਆ ਹੈ?
17. ਕਿਹੜੇ ਕਿਹੜੇ ਵਿਸ਼ੇਸ਼ ਪ੍ਰੋਗਰਾਮਾਂ ਵਿੱਚ ਅਤੇ ਕਿੱਥੇ ਕਿੱਥੇ ਕੀਰਤਨ ਕੀਤਾ ਹੈ?
18. ਕੀ ਵਿਦੇਸ਼ਾ ਵਿੱਚ ਕੀਰਤਨ ਕਰਨ ਗਏ ਹੋ? ਉਨ੍ਹਾਂ ਦੇਸ਼ਾਂ ਦੇ ਨਾਂ ਅਤੇ ਰਹਿਣ ਦਾ ਸਮਾਂ ਦੱਸੋ? ਉੱਥੋਂ ਪ੍ਰਾਪਤ ਹੋਇਆ ਕੋਈ ਪ੍ਰਸ਼ੰਸਾ ਪੱਤਰ ਜਾਂ ਸਨਮਾਨ?
19. ਤੁਹਾਡੇ ਗ੍ਰਾਮੋ-ਫੋਨ ਰਿਕਾਰਡ/ਕੈਸੇਟ ਟੇਪਾਂ/ਸੀ ਡੀ ਆਦਿ ਦੇ ਨੰਬਰ ਅਤੇ ਕੰਪਨੀ ਦਾ ਨਾਂ?
20. ਕੀਰਤਨ ਤੋਂ ਇਲਾਵਾ ਕੋਈ ਹੋਰ ਸ਼ੌਕ? ਇਸ ਵਿੱਚ ਕੋਈ ਵਿਸ਼ੇਸ਼ ਪ੍ਰਾਪਤੀ?
21. ਤੁਹਾਡੇ ਵਲੋਂ ਦਿੱਤੀ ਗਈ ਕੀਰਤਨ ਸਿਖਲਾਈ ਦਾ ਵੇਰਵਾ?
22. ਕੀਰਤਨ ਨਾਲ ਸੰਬੰਧਤ ਤੁਹਾਡੇ ਜੀਵਨ ਦੀ ਕੋਈ ਵਰਨਣ ਯੋਗ ਘਟਨਾ?
23. ਕੀਰਤਨ ਬਾਰੇ ਤੁਹਾਡੇ ਆਪਣੇ ਵਿਚਾਰ ਕੀ ਹਨ?
24. ਵਰਤਮਾਨ ਕੀਰਤਨ ਪਰੰਪਰਾ ਬਾਰੇ ਵਿਚਾਰ?
25. ਤੁਹਾਨੂੰ ਕਿਹੜੇ ਕਿਹੜੇ ਕੀਰਤਨੀਏ ਪਸੰਦ ਹਨ? ਉਹਨਾਂ ਬਾਰੇ ਵਿਚਾਰ?
26. ਤੁਹਾਡੇ ਵਿਚਾਰ ਅਨੁਸਾਰ ਗੁਰਮਤਿ ਸੰਗੀਤ ਦੀ ਸਹੀ ਪਰੰਪਰਾ ਦਾ ਵਿਕਾਸ ਕਿਵੇਂ ਹੋਣਾ ਚਾਹੀਦਾ ਹੈ?
27. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਰੇਡੀਓ ਤੋਂ ਪ੍ਰਸਾਰਿਤ ਹੁੰਦੇ ਕੀਰਤਨ ਬਾਰੇ ਵਿਚਾਰ?
28. ਅਜੋਕੀਆਂ ਕੀਰਤਨ ਕੈਸਟਾਂ ਬਾਰੇ ਤੁਹਾਡੇ ਕੀ ਵਿਚਾਰ ਹਨ?
29. ਕੋਈ ਹੋਰ ਵੇਰਵਾ ਜੋ ਤੁਸੀਂ ਦੇਣਾ ਚਾਹੁੰਦੇ ਹੋ?
30. ਐਡਰੈਸ, ਟੈਲੀਫੋਨ ਆਦਿ।

# ਗੁਰਸਿੱਖੀ ਬਾਰੀਕ ਹੈ


## ਕਰਤਾਰ ਸਿੰਘ ਨੀਲਧਾਰੀ

162 ਏ, ਗਰੇਨ ਮਾਰਕੀਟ, ਚੰਡੀਗੜ੍ਹ


ਗੁਰਸਿੱਖੀ ਦੀ ਸਪਸ਼ਟ ਤੇ ਸਰਲ ਪਰਿਭਾਸ਼ਾ ਇੱਕ ਆਕਾਲ ਪੁਰਖ ਦੀ ਆਸਥਾ ਤੇ ਭਗਤੀ ਨਾਲ ਜੋੜਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਆਨੰਦ ਸਾਹਿਬ ਦੀ ਚੌਦਹਵੀਂ ਪਉੜੀ ਵਿੱਚ ਸਪਸ਼ਟ ਕੀਤਾ ਹੈ-

*ਭਗਤਾ ਕੀ ਚਾਲ ਨਿਰਾਲੀ। ...*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।*

ਅਤੇ ਇੱਕੀਵੀ ਪਉੜੀ ਵਿੱਚ ਸਨਮੁਖ ਸਿੱਖ ਦੀ ਸੇਧ ਇੰਝ ਉਚਾਰੀ ਹੈ-

*ਜੇ ਕੋ ਸਿਖ ਗੁਰੂ ਸੇਤੀ ਸਨਮੁਖੁ ਹੋਵੈ*
*ਹੋਵੈ ਤ ਸਨਮੁਖੁ ਸਿਖੁ ਕੋਈ, ਜੀਅਹੁ ਰਹੈ ਗੁਰ ਨਾਲੇ।*
*ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ।*
*ਆਪ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰ ਨ ਜਾਣੈ ਕੋਏ।*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖ ਹੋਏ।।*

ਅਗਲੀ ਪਉੜੀ ਵਿੱਚ ਬੇਮੁਖ ਦੀ ਗਤੀ ਵੀ ਬਿਆਨੀ ਗਈ ਹੈ। ਗੁਰੂ ਦੇ ਸਨਮੁਖ ਰਹਿਣ ਲਈ ਗੁਰੂ ਜੀ ਨੇ ਸਿੱਖਾਂ ਨੂੰ ਸੱਦਾ ਦਿੱਤਾ ਹੈ (ਪਉੜੀ ਤੇਈਵੀਂ)

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।।*
\- - - - - - - - - - - - - - - - - -
*ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ,*
*ਪੀਵਹੁ ਅੰਮ੍ਰਿਤ ਸਦਾ ਰਹਹੁ ਰਹਿ ਰੰਗ ਜਪਿਹੁ ਸਾਰਿਗ ਪਾਣੀ,*

ਗੁਰ ਸਿੱਖ ਦੇ ਨਿਤ ਦੇ ਜੀਵਨ ਨੂੰ ਸੇਧ ਦੇਣ ਲਈ ਸਤਿਗੁਰੂ ਰਾਮਦਾਸ ਜੀ ਦਾ ਇਹ ਸ਼ਬਦ ਇੱਕ ਸਿੱਖ ਲਈ ਗੁਰਮਰਯਾਦਾ ਭਰਪੂਰ ਪੂਰਨ ਆਲੇਖ ਹੈ- (ਗਉੜੀ ਕੀ ਵਾਰ ਪੰਨਾ 305-6)

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ।*
*ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰ ਨਾਵੈ।*
*ਉਪਦੇਸਿ ਗੁਰੂ ਹਰਿ ਹਰਿ ਜਪ ਜਾਪੈ, ਸਭ ਕਿਲ ਵਿਖ ਪਾਪ ਦੋਖ ਲਹਿ ਜਾਵੈ।*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿਨਾਮੁ ਧਿਆਵੈ।*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖੁ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।*

ਸ੍ਰੀ ਗੁਰੂ ਅਮਰਦਾਸ ਜੀ ਜੀ-

*ਪੀਹਵੁ ਅਮ੍ਰਿਤ ਸਦਾ ਰਹਹੁ ਹਰਿ ਰੰਗ*

ਦਾ ਉਪਦੇਸ ਦਿੰਦੇ ਹਨ ਅਤੇ ਸ੍ਰੀ ਗੁਰੂ ਰਾਮਦਾਸ ਜੀ-

*ਇਸਨਾਨ ਕਰੈਂ ਅੰਮ੍ਰਿਤਸਰ ਨਾਵੈ*

ਦਾ ਫ਼ੁਰਮਾਨ ਹਨ। ਅੰਮ੍ਰਿਤ ਵੇਲੇ ਇਸ਼ਨਾਨ ਕਰਨ ਦਾ ਭਾਵ ਹੈ ਕਿ ਸਿਮਰਨ ਵਿੱਚ ਇੱਕ ਰਸ ਜੁੜ ਕੇ ਭੌਤਿਕ ਸੰਸਾਰ ਨੂੰ ਵਿਸਾਰ ਦਿੱਤਾ ਜਾਵੇ। ਗੁਰਸਿੱਖ ਨੂੰ ਆਪਣੀ ਪਰੀਭਾਸ਼ਾ ਸਾਰਥਕ ਕਰਨ ਲਈ ਇਸ ਸੀਮਾ ਰੇਖਾ ਨੂੰ ਪਾਰ ਕਰਕੇ ਹੀ ਸ਼ਬਦ ਗੁਰੂ ਦੀ ਸਾਧਨਾ ਸਾਰਥਕ ਕਰ ਸਕਦਾ ਹੈ। ਅਜਿਹੀ ਅਵਸਥਾ ਵਿੱਚ ਹੀ ਗੁਰੂ ਦੇ ਸ਼ਬਦ ਦੀ ਧੁਨੀ ਨੂੰ ਸੁਰਤਿ ਸੁਣਦੀ ਹੈ ਤੇ ਉਸ ਸ਼ਬਦਾਤੀਤ ਆਨੰਦ ਲੋਕ ਵਿੱਚ ਪੁੱਜਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਦੀ ਅਜਿਹੀ ਅਵਸਥਾ ਅਤੇ ਆਤਮਿਕ ਚੇਤਨਾ ਨੂੰ ਨਖਾਲਸ ਖਾਲਸਾ ਹੋਣ ਲਈ ਜ਼ਰੂਰੀ ਦਸਿਆ ਹੈ-

*ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥*

ਇਸ ਤਰ੍ਹਾਂ ਅਸੀ ਦੇਖਦੇ ਹਾਂ ਕਿ ਗੁਰ ਸਿੱਖ ਆਪਣੀ ਪਰਿਭਾਸ਼ਾ ਨੂੰ ਸਾਰਥਕ ਕਰਕੇ ਹੀ ਖਾਲਸਾ ਕਿਹਾ ਜਾ ਸਕਦਾ ਹੈ। ਇਸ ਪਰਿਭਾਸ਼ਾ ਨੂੰ ਸਾਰਥਕ ਕਰਨ ਲਈ ਆਤਮਿਕ ਚੇਤਨਾ ਵਿੱਚ ਗੁਰੂ ਕਿਰਪਾ ਨਾਲ ਮਿਲਦੇ ਅੰਮ੍ਰਿਤ ਪ੍ਰਸਾਦ ਨੂੰ ਪ੍ਰਾਪਤ ਕਰਨ ਦੇ ਯੋਗ ਹੋਣਾ ਬਹੁਤ ਜ਼ਰੂਰੀ ਹੈ। ਅਹੰਕਾਰ ਰੂਪੀ ਸਿਰ ਗੁਰੂ ਨੂੰ ਸੌਂਪਣ ਤੋਂ ਬਗੈਰ ਇਸ ਅੰਮ੍ਰਿਤ ਦੀ ਪ੍ਰਾਪਤੀ ਅਸੰਭਵ ਹੈ, ਕਿਉਂਕਿ ਜਦੋਂ ਤਕ ਚਿੱਤ ਅਤੇ ਬੁੱਧੀ ਆਪਣੀ ਲੋੜਾਂ ਤੇ ਚਾਤੁਰੀ ਨੂੰ ਛਡ ਕੇ ਸਮਰਪਣ ਨਹੀਂ ਕਰ ਦਿੰਦੀਆਂ ਉਨ੍ਹਾਂ ਚਿਰ ਸੁਰਤਿ ਗੁਰੂ ਸ਼ਬਦ ਦੀ ਧੁਨੀ ਸੁਣਨ ਦੇ ਲਾਇਕ ਹੀ ਨਹੀਂ ਬਣ ਸਕਦੀ। ਮੈਂ ਪ੍ਰਾਣੀ ਹਾਂ, ਇਸ ਤੱਥ ਨੂੰ ਵੀ ਭੁਲਾਣਾ ਪੈਂਦਾ ਹੈ, ਕਿਉਂਕਿ ਪ੍ਰਾਣਾਂ ਦਾ ਵਾਹਕ ਪਵਨ ਰੂਪੀ ਗੁਰੂ ਹੈ। ਇਸ ਲਈ ਗੁਰੂ ਦੀ ਦਿੱਤੀ ਸਵਾਸਾਂ ਦੀ ਪੂੰਜੀ ਨਾਲ ਸਿਰਜੀ ਦੇਹ ਅਤੇ ਦੇਹ ਨਾਲ ਜੁੜੇ ਸਾਰੇ ਅਹਿਸਾਸ ਕੇਵਲ ਮਾਤਰ ਅਹੰਕਾਰ ਹੀ ਹਨ। ਇਸ ਅਹੰਕਾਰ ਨੂੰ ਖਤਮ ਕਰਨਾ ਹੀ ਅਸਲ ਸੂਰਮਤਾਈ ਹੈ-

*ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ।*
*ਹੋਹੁ ਸਭਨਾ ਕੀ ਰੇਣਕਾ, ਤਉ ਆਉ ਹਮਾਰੈ ਪਾਸ।* (ਸਲੋਕ ਮਹਲਾ 5, ਪੰਨਾ 1102)

ਪ੍ਰਭੂ ਪ੍ਰੇਮ ਜਾਂ ਭਗਤੀ ਦੇ ਇਸ ਮਾਰਗ ਤੇ ਤੁਰਨ ਤੋਂ ਪਹਿਲਾ ਸ਼ਰਤ ਇਹੋ ਹੈ-

*ਜਉ ਤਉ ਪ੍ਰੇਮ ਖੇਲਨ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ।*
*ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨ ਕੀਜੈ॥* (ਪੰਨਾ 1412)

ਇਸ ਸ਼ਰਤ ਨੂੰ ਕਬੂਲ ਕਰਨ ਤੋਂ ਬਗੈਰ ਸੁਰਤਿ ਦਾ ਸ਼ਬਦ ਨਾਲ ਸਥਾਈ ਮੇਲ ਨਹੀਂ ਹੁੰਦਾ। ਵਿਦੇਹ ਹੋਣ ਦੀ ਖਿੰਨ ਮਾਤਰ ਸਹਜਤਾ ਨਾਲ ਵੀ ਸਹਿਜ ਸੁਖ ਮਿਲਦਾ ਹੈ ਜਦੋਂ ਥੋੜਾ ਜਿਹਾ ਟਿਕਾਅ ਆ ਜਾਂਦਾ ਹੈ ਤਾਂ ਅੰਮ੍ਰਿਤ ਰਸ ਦੀ ਮਹਿਕ ਨਾਲ ਸਿੱਖ ਝੂਮਣ ਲਗ ਪੈਂਦਾ ਹੈ। ਅਜੇਹੀ ਆਤਮਿਕ ਪ੍ਰਾਪਤੀ ਲਈ ਹੀ ਗੁਰਬਾਣੀ ਵਿੱਚ ਬਾਰ ਬਾਰ ਸ਼ਬਦ ਨਾਲ ਜੁੜਨ ਜਾਂ ਸ਼ਬਦ ਲੋਕ ਵਿੱਚ ਪ੍ਰਵੇਸ਼ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।

*ਆਪ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ?*
*ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉਨਿਧਿ ਪਾਈ॥*

ਇਹ ਪ੍ਰਾਪਤੀ ਇੱਕ ਪ੍ਰੀਤਮਾ ਤੇ ਪ੍ਰੀਤਮ ਦੇ ਸੰਸਾਰੀ ਮਿਲਨ ਲਈ ਵੀ ਸਟੀਕ ਹੈ ਅਤੇ ਇਹ ਜੁਗਤਿ ਇੱਕ ਗੁਰ ਸਿੱਖ ਦੇ ਗੁਰੂ ਨਾਲ ਮਿਲਨ ਲਈ ਵੀ ਢੁਕਦੀ ਹੈ। ਵਾਸਤਵ ਵਿੱਚ ਸਾਰੀ ਗੁਰਬਾਣੀ ਦਸਵੇਂ ਦੁਆਰ ਦੇ ਉੱਚਤਮ ਸ਼ਿਖਰਾਂ ਤੋਂ ਉਤਰੀ ਹੈ। ਇਸ ਲਈ ਜਦੋਂ ਸਿੱਖ-ਆਤਮਾ ਬਿਦੇਹ ਹੋਕੇ ਗੁਰੂ ਸੁਰਤਿ ਦੁਆਰਾ ਗੁਰੂ ਦੇ ਇਸ ਆਦੇਸ਼ ਤੇ ਚਲਦੀ ਹੈ ਤਾਂ ਸੁਰਤਿ ਸ਼ਬਦ ਨੂੰ ਜਾ ਮਿਲਦੀ ਹੈ। ਇਸ ਵਿੱਚ ਕੋਈ ਸ਼ਕ ਨਹੀਂ ਕਿ ਸੁਰਤਿ ਦੀ ਪਹਿਲੀ ਕਾਮਨਾ ਗੁਰੂ ਦੇਹ ਦੇ ਦੀਦਾਰ ਦੀ ਹੀ ਹੁੰਦੀ ਹੈ; ਪਰ ਜਦੋਂ ਸੁਰਤਿ ਦੇਹੀ ਦੀ ਸੀਮਾ ਪਾਰ ਕਰਕੇ ਅਸੀਮ ਦੀ ਕਾਮਨਾ ਕਰਦੀ ਹੈ ਉਸ ਵੇਲੇ ਦੇਹ ਰਸਤਾ ਦੇਕੇ ਅਸੀਮ ਵਿੱਚ ਲੀਨਤਾ ਦਿੰਦੀ ਹੈ। ਆਤਮਾ ਰੂਪੀ ਸੁਰਤਿ ਦੀ ਇਹ ਅਵਸਥਾ ਹੀ ਕਈ ਪੜਾਵ ਲੰਘ ਕੇ ਗੁਰੂ ਸਿੱਖ ਨੂੰ ਅਭੇਦ ਕਰ ਦਿੰਦੀ ਹੈ।

ਗੁਰੂ ਦਾ ਅਰਥ ਹੈ ਹਨ੍ਹੇਰੇ ਤੋਂ ਪ੍ਰਕਾਸ਼ ਦੀ ਤਰਫ ਯਾਤਰਾ ਕਰਨਾ, ਜਦੋਂ ਅੰਤਰ ਆਤਮੇ ਵਿੱਚ ਗੁਰੂ ਦੇ ਦਰਸ਼ਨ ਹੁੰਦੇ ਹਨ ਤਾਂ ਉਹ ਆਨੰਦ ਦੀ ਕੋਈ ਛੋਟੀ ਪ੍ਰਾਪਤੀ ਨਹੀਂ। ਆਨੰਦ ਸਾਹਿਬ ਦੀ ਬਾਣੀ ਦੀ ਸ਼ੁਰੂਆਤ ਹੀ ਅਜਿਹੀ ਅਨੁਭੂਤੀ ਦੀ ਵਿਆਖਿਆ ਕਰਦੀ ਹੈ।

*ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥*
*ਸਤਿਗੁਰੁ ਤ ਪਇਆ ਸਹਜ ਸੇਤੀ ਮਨਿ ਵਜੀਆ ਵਧਾਈਆ॥*
*ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥*

ਅੰਤਰ ਆਤਮੇ ਵਿੱਚ ਗੁਰੂ ਮੂਰਤ ਦੇ ਦੀਦਾਰ ਹੋਣ ਨਾਲ ਜੋ ਆਨੰਦ ਮਿਲਦਾ ਹੈ ਉਸ ਨਾਲ ਸੁਰਤਿ ਉਤਸ਼ਾਹ ਭਰਪੂਰ ਹੋ ਜਾਂਦੀ ਹੈ ਅਤੇ ਵੱਖ ਵੱਖ ਸਾਜਾਂ ਦੀਆਂ ਪੰਜ ਜਾਂ ਦਸ ਧੁਨੀਆਂ ਅੰਦਰਲਾ ਕੀਰਤਨ ਆਰੰਭ ਕਰ ਦਿੰਦੀਆਂ ਹਨ। ਇੱਥੇ ਅਸੀਂ ਦੇਹ ਧਾਰੀ ਸਤਿਗੁਰੂ ਅਤੇ ਸ਼ਬਦ ਗੁਰੂ ਦੀ ਬਹਿਸ ਜਾਂ ਦੁਵਿਧਾ ਵਿੱਚ ਨਹੀਂ ਪੈਣਾ ਕਿਉਂਕਿ ਦੇਹਧਾਰੀ ਗੁਰੂ ਆਪਣੇ ਦੇਹ ਧਾਰੀ ਸਿੱਖ ਨੂੰ ਗੁਰੂਮੰਤਰ ਜਾਂ ਸ਼ਬਦ ਰਾਹੀਂ ਹੀ ਆਪਣੇ ਰਾਹ ਤੇ ਤੋਰ ਕੇ ਸ਼ਬਦ ਲੋਕ

ਵਲ ਪੁਚਾਂਦਾ ਹੈ। ਗੁਰੂ ਕਾ ਲੰਗਰ ਕੋਈ ਵੀ ਸਜਨ ਵਰਤਾਵੇ ਪੰਗਤ ਵਿੱਚ ਬੈਠ ਕੇ ਲੈ ਲਈਦਾ ਹੈ ਤੇ ਇਸੇ ਤਰ੍ਹਾਂ ਗੁਰੂ ਕਾ ਸ਼ਬਦ, ਗੁਰੂ ਮੰਤਰ ਜਾਂ ਮੂਲ ਮੰਤਰ ਕਿਸੇ ਗੁਰੂ ਪਿਆਰੇ ਜਾਂ ਪੰਜ ਪਿਆਰਿਆਂ ਤੋਂ ਲੈ ਕੇ ਆਤਮਾ ਦਾ ਭੋਜਨ ਪ੍ਰਾਪਤ ਕਰਨ ਦਾ ਸਾਧਨ ਮਾਤਰ ਹੀ ਹੈ।

ਇਸ ਤਰ੍ਹਾਂ ਇੱਕ ਸਿੱਖ ਗੁਰੂ ਦੇ ਲੜ ਲਗਕੇ ਸੁਰਤ ਰਾਹੀ ਜਦੋਂ ਸ਼ਬਦ ਗੁਰੂ ਦੀ ਧੁਨੀ ਸੁਣਨ ਨੂੰ ਸਮਰਥ ਹੋ ਜਾਂਦਾ ਹੈ ਤਾਂ ਇਸ ਅਵਸਥਾ ਵਿੱਚ ਪੜ੍ਹੀ ਗਈ ਬਾਣੀ ਦਾ ਪਹਿਲਾ ਸਰੋਤਾ ਉਸ ਦੀ ਆਪਣੀ ਸੁਰਤਿ ਹੀ ਹੁੰਦੀ ਹੈ। ਅਜਿਹੀ ਅਵਸਥਾ ਵਿੱਚ ਆਪਣੀ ਆਵਾਜ ਵੀ ਬਦਲੀ ਹੋਈ ਲਗਦੀ ਹੈ ਅਤੇ ਇੱਕ ਅਕਹਿ ਆਤਮ ਰਸ ਦੀ ਪ੍ਰਾਪਤੀ ਹੋਣੀ ਸ਼ੁਰੂ ਹੋ ਜਾਂਦੀ ਹੈ। ਅਜਿਹੀ ਉਚਤਮ ਅਵਸਥਾ ਵਿੱਚ ਹੀ ਪ੍ਰਭੂ ਪਿਆਰੇ ਕਹਿ ਉਠਦੇ ਹਨ-

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ?*
*ਕਨਕ ਕਟਿਕ ਜਲ ਤਰੰਗ ਜੈਸਾ।* (ਸ੍ਰੀ ਰਾਗ ਰਵਿਦਾਸ ਜੀਉ, ਪੰਨਾ 93)

ਗੁਰੂ ਸਿਖੀ ਇੱਕ ਮਾਰਗ ਹੈ ਅਤੇ ਗੁਰਸਿੱਖੀ ਉਪਰੋਕਤ ਪੱਧਰ ਤੇ ਮੰਜਿਲ ਬਣ ਜਾਂਦੀ ਹੈ। ਇਸ ਮੰਜਿਲ ਦੀ ਪ੍ਰਾਪਤੀ ਤੋਂ ਬਗੈਰ ਜੀਵਾਤਮਾ ਮੁਕਤ ਨਹੀਂ ਹੁੰਦੀ ਤੇ ਕਾਦਰ ਦੀ ਕੁਦਰਤ ਹੋਰ ਅਵਸਰ ਪ੍ਰਦਾਨ ਕਰਦੀ ਰਹਿੰਦੀ ਹੈ।

ਗੁਰਸਿਖੀ ਦੀ ਪਰਿਭਾਸ਼ਾ ਦੀ ਉਪਰੋਕਤ ਵਾਰਤਾ ਕੇਵਲ ਬੌਧਿਕ ਸ਼ਬਦ ਜਾਲ ਜਾਂ ਅਸੰਭਵ ਮੰਜਿਲ ਨਹੀਂ। ਮੋਤੀਆਂ ਦੀ ਪ੍ਰਾਪਤੀ ਸਮੁੰਦਰ ਵਿਸ਼ੇਸ਼ ਵਿੱਚ ਡੂੰਘੀ ਚੁੱਭੀ ਮਾਰਕੇ ਹੀ ਹੁੰਦੀ ਹੈ। ਸੰਸਾਰਿਕ ਪ੍ਰਾਪਤੀਆਂ ਦੇ ਭੌਤਿਕ ਵਾਦ ਜਿਸ ਤਰ੍ਹਾਂ ਦਿਨ ਰਾਤ ਇੱਕ ਕਰਨਾ ਪੈਂਦਾ ਹੈ ਉਸੇ ਤਰ੍ਹਾਂ ਅਧਿਆਤਮਕ ਪ੍ਰਾਪਤੀ ਲਈ ਅੰਮ੍ਰਿਤ ਵੇਲੇ ਦੀ ਸੁਵੱਲੀ ਵਰਤੋਂ ਕਰਨ ਦਾ ਉਪਦੇਸ਼ ਗੁਰਬਾਣੀ ਵਿੱਚ ਬਾਰ ਬਾਰ ਮਿਲਦਾ ਹੈ। ਇਹ ਅੰਮ੍ਰਿਤ ਵੇਲਾ ਸੂਰਜ ਉਦੈ ਤੋਂ ਸਵਾ ਪਹਿਰ ਰਾਤ ਪਹਿਲਾਂ ਅਰਥਾਤ ਪੌਣੇ ਚਾਰ ਘੰਟੇ ਪਹਿਲਾ ਸ਼ੁਰੂ ਹੁੰਦਾ ਹੈ। ਦੁਨੀਆਂ ਸੌਂਦੀ ਹੈ ਤੇ ਗੁਰਸਿੱਖ ਇਸ ਵੇਲੇ ਨੂੰ ਸਾਰਥਕ ਕਰਕੇ ਆਪਣੇ ਸਾਹਾਂ ਦੀ ਪੂੰਜੀ ਨਾਲ ਰਤਨਾ ਦਾ ਵਣਜ ਕਰਦੇ ਹਨ। ਭਾਈ ਗੁਰਦਾਸ ਜੀ ਵਾਰ 40 ਪਉੜੀ 11 ਵਿੱਚ ਲਿਖਦੇ ਹਨ-

*ਗੁਰਸਿਖ ਭਲਕੇ ਉਠਕਰਿ ਅੰਮਿਤ ਵੇਲੇ ਸਰੁ ਨਾਵੰਦਾ।*
*ਗੁਰ ਕੈ ਬਚਨ ਉਚਾਰਿ ਕੈ ਧ੍ਰਮਸਾਲ ਦੀ ਸੁਰਤਿ ਕਰੰਦਾ।*
*ਸਾਧ ਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।*
*ਸ਼ੰਕਾ ਮਨਹੁ ਮਿਟਾਇ ਕੇ ਗੁਰਸਿਖਾ ਦੀ ਸੇਵ ਕਰੰਦਾ।*
*ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।*
*ਗੁਰਸਿਖਾਂ ਨੂੰ ਦੇਇ ਕਰ ਪਿਛੋਂ ਬਚਿਆ ਆਪ ਖਵੰਦਾ।*
*ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰ ਸੰਦਾ।*
*ਗੁਰਮੁਖ ਗਾਡੀ ਰਾਹੁ ਚਲੰਦਾ।*

ਗੁਰਸਿਖੀ ਦਾ ਸਿੱਟਾ ਭਾਈ ਗੁਰਦਾਸ ਜੀ ਨੌਵੀਂ ਵਾਰ ਦੀ ਦੂਜੀ ਪਉੜੀ ਵਿੱਚ ਇੰਝ ਕਢਦੇ ਹਨ-

*ਗੁਰਸਿਖੀ ਬਾਰੀਕ ਹੈ ਸਿਲ ਚਟਣ ਫਿਕੀ।*
*ਤਿਖੀ ਖੰਡੇ ਧਾਰ ਹੈ ਉਹੁ ਵਾਲਹੁੰ ਨਿਕੀ।*
*ਭੂਹ ਭਵਿਖ ਨ ਵਰਤਮਾਨ ਸਰਿ ਮਿਕਣਿ ਮਿਕੀ।*
*ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।*
*ਦੂਆ ਤੀਆ ਵੀਸਰੈ ਸਣ ਕਕਾਕਿਕੀ*
*ਸਭੈ ਸਿਕਾਂ ਪਰਹਰੈ ਸੁਖ ਇਕਤੁਸਿਕੀ।*

ਇਸ ਤਰ੍ਹਾਂ ਗੁਰਸਿਖੀ ਦੀ ਗੁਰਬਾਣੀ ਪਰੀਭਾਸ਼ਾ ਦੀ ਵਾਰਤਾ ਨਾਲ ਗੁਰਬਾਣੀ ਦੀ ਕੁੰਜੀ ਦੀ ਬਾਣੀ ਤਕ ਦਾ ਸਫਰ ਗੁਰਮਤਿ ਦੇ ਗੇੜੇ ਲੁਆ ਰਿਹਾ ਹੈ। ਹੁਣ ਨਿਤਪ੍ਰਤੀ ਦੀ ਜੀਵਨ ਜਾਚ ਲਈ ਸਾਡੇ ਕੋਲ ਰਹਿਤਨਾਮਿਆ ਦਾ ਮਾਰਗ ਦਰਸ਼ਨ ਕੋਈ ਭੁਲੇਖਾ ਨਹੀਂ ਰਖਦਾ। ਪੁਰਾਤਨ ਮਰਯਾਦਾ ਅਨੁਸਾਰ ਅੰਮ੍ਰਿਤ ਵੇਲੇ ਜੰਗਲ ਮੈਦਾਨੇ ਜਾ ਕੇ ਸਨ ਕੇਸ਼ੀ ਸ਼ਨਾਨ ਕਰਕੇ ਧੋਤੇ ਹੋਏ ਬਸਤਰ ਪਹਿਣਨ ਦਾ ਵਿਧਾਨ ਹੈ। ਮੱਲ ਤਿਆਗ ਕੇ ਜਿਸ ਤਰ੍ਹਾਂ ਗੁਦਾ ਦੀ ਜਲ

ਨਾਲ ਸਫਾਈ ਕੀਤੀ ਜਾਂਦੀ ਹੈ ਉਸੇ ਤਰ੍ਹਾਂ ਮੂਤਰ ਤਿਆਗ ਕੇ ਮੂਤਰ ਅੰਗ ਦੀ ਜਲ ਨਾਲ ਸਫਾਈ ਜ਼ਰੂਰੀ ਹੈ। ਪੇਸ਼ਾਬ ਦੀ ਤੇਜਾਬੀ ਬਦਬੂ ਤੋਂ ਹਰ ਕੋਈ ਵਾਕਿਫ ਹੈ ਅਤੇ ਇਸ ਦੇ ਮਾੜੇ ਪ੍ਰਭਾਵਾਂ ਕਾਰਣ ਹੀ ਜਪੁ ਸਾਹਿਬ (ਪਉੜੀ ਵੀਹ) ਵਿੱਚ ਸਪਸ਼ਟ ਕੀਤਾ ਗਿਆ ਹੈ-

*ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥*

ਇਸ ਕਿਰਿਆ ਨੂੰ ਜਲ ਵਰਤਨਾ ਕਹਿੰਦੇ ਹਨ। ਇਸ ਤੋਂ ਬਾਦ ਹੱਥਾਂ ਨੂੰ ਸਾਬਨ, ਮਿੱਟੀ ਜਾਂ ਰਾਖ ਨਾਲ ਧੋਕੇ ਪੰਜ ਸ਼ਨਾਨਾ ਕਰਨ ਨਾਲ ਤਨ ਸਵੱਛ ਤੇ ਨਿਰੋਗੀ ਰਹਿੰਦਾ ਹੈ। ਗੁਰਬਾਣੀ ਵਿੱਚ ਮਿਟੀ ਨਾਲ ਭਰੇ ਹੱਥਾਂ ਪੈਰਾਂ ਦੀ ਸਫਾਈ ਜਲ ਨਾਲ ਕਰਨ ਦੇ ਅਭਿਆਸ ਨਾਲ ਹੀ ਪਾਪਾਂ ਨਾਲ ਭਰੀ ਮੱਤ ਜਾਂ ਬੁੱਧੀ ਨੂੰ ਨਾਮ ਸਿਮਰਨ ਨਾਲ ਸਾਫ ਕਰਨ ਦਾ ਵਿਧਾਨ ਬਾਣੀ ਦੀ ਜੁਗਤ ਨਾਲ ਹੀ ਲਿਖਿਆ ਹੈ।

ਸ਼ਨਾਨ ਕਰਕੇ ਸਾਫ ਥਾਂ ਤੇ ਸਿਮਰਨ ਕਰਨ ਲਈ ਉਨ ਦਾ ਆਸਨ ਵਿਛਾਣਾ ਸ਼ੁਧਤਾ ਦੀ ਭਾਵਨਾ ਪੈਦਾ ਕਰਦਾ ਹੈ। ਪਹਿਲਾਂ ਰਿਸ਼ੀ ਮਰੇ ਜਾਨਵਰ ਦੀ ਖੱਲਾਂ ਵਰਤਦੇ ਸੀ ਮਗਰੋਂ ਮ੍ਰਿਗਛਾਲਾ ਪ੍ਰਾਪਤੀ ਲਈ ਜਾਨਵਰਾਂ ਦੀ ਹਤਿਆ ਹੋਣ ਲਗੀ ਤਾਂ ਸੰਤਾਂ ਸਾਧਾਂ ਨੇ ਉਨ ਦੇ ਆਸਨ ਪਰਵਾਨ ਕਰ ਲਏ। ਸੂਤੀ ਜਾਂ ਰੇਸ਼ਮੀ ਬਸਤਰ ਵੀ ਆਸਨ ਲਈ ਵਰਤਿਆ ਜਾ ਸਕਦਾ ਹੈ ਪਰ ਜਦੋਂ ਸਿਮਰਨ ਨਾਲ ਅਦੁਤੀ ਊਰਜਾ ਉਤਪੰਨ ਹੋ ਕੇ ਰੋਮ ਰੋਮ ਵਿੱਚ ਅਲੋਕਾਰੀ ਸੰਚਾਰ ਕਰਦੀ ਹੈ ਤਾਂ ਸ਼ਰੀਰ ਦੀ ਊਰਜਾ ਨੂੰ ਖਾਰਜ ਹੋਣ ਤੋਂ ਬਚਾਉਣ ਲਈ ਉਨ ਦਾ ਆਸਣ ਹੀ ਯੋਗ ਹੈ।

*ਜਹਾਂ ਤਹਾਂ ਕਾ ਛਕੇ ਪ੍ਰਸਾਦਿ ਸਿੱਖ ਨਹੀਂ ਮੇਰਾ ਆਦ ਜੁਗਾਦ*

ਦੀ ਮਰਯਾਦਾ ਦਾ ਸੁਖ ਭੁਗਤ ਭੋਗੀ ਚੰਗੀ ਤਰ੍ਹਾਂ ਜਾਣਦੇ ਹਨ, ਕਿਉਂਕਿ -ਜੈਸਾ ਆਹਾਰ ਵੈਸਾ ਵਿਚਾਰ- ਸਰਬ ਸਿੱਧ ਹੈ। ਗੁਰੂ ਨੂੰ ਰਹਿਤ ਪਿਆਰੀ ਹੈ, ਰਹਿਤ ਹੀਨ ਸਿੱਖ ਪਿਆਰਾ ਨਹੀਂ। ਇਸ ਕਰਕੇ ਗੁਰੂ ਮਰਯਾਦਾ ਭਾਵ ਰਹਿਤ ਰਹਿਣੀ ਦੀ ਸੁੱਚਤਾ ਨਾਲ ਗੁਰਸਿੱਖੀ ਮਾਰਗ ਸੁਖਾਲਾ ਹੋ ਜਾਂਦਾ ਹੈ ਤੇ ਪਹਿਲਾਂ ਇਸਦਾ ਅਭਿਆਸ ਵੀ ਜ਼ਰੂਰੀ ਹੈ।


## Six Rules on Human Relations

- *Become genuinely interested in other people. Show them your interest. Talk to them about their interest, their hopes, their life.*
- *Smile, Charlie Schwab said that his smile had been worth millions to him, and the Chinese proverb says, "A man without a smiling face must not open a shop." "A smile opens more doors than all the efforts you can expand."*
- *Remember and use the man's name. A man's name is to him the sweetest and most important sound in any language.*
- *Be a good listener. The most suitable way to make a man feel important is to listen. Unless a salesman listens he won't know which of the many features of his product to emphasize.*
- *Talk in terms of other man's interest. The road to a man's heart is to talk to him about the things he prefers most.*
- *Make other people feel important and do it sincerely. Listen, show your appreciation. Refrain from criticizing or judging.*

*With best compliments from a wellwisher*

# BEBE NANAKI RABAB SCHOLARSHIP

**Harbhajan Singh Chopra**

# 1246, Sector : 22 - B, Chandigarh

Bebe Nanaki, sister of Guru Nanak served Sikhism in a most poignant and memorable way when she paid for the first rabab and presented it to Bhai Mardana. Typical paintings depict her handing the round-bodied instrument to the Muslim-born musician who became the epitomy of devotional music as the first kirtan-sevak of the Sikh Panth. Baba Nanak is usually depicted looking on approvingly. Through the blessings of the Guru and the financial support of Bebe Nanaki a lowly born mirasi was also able to play his part in the Guru's divine educational program.. He left behind the lifestyle of a low-paid performer at weddings, functions and door to door musical beggary on the request of Baba Nanak; thereafter he never asked for financial reward for performance of his art. Instead, he became a selfless and constant companion of the Guru as they celebrated God and served humankind through the divine arts of poetry and music. Although it was Guru Nanak who gave the creative artist a very high position in Sikh culture, this was made possible by Bebe Nanaki's timely financial generosity, paying Bhai Fehru Firenda - the instrument-maker for the custom-made rabab designed according to Baba Nanak's specifications. By doing so, she is remembered as the first patron of the Sikh arts.

This incident recorded in Bhai Bala Janamsakhi is therefore the first milestone in shabad kirtan history. It is important to reflect upon Bebe Nanaki's role as a patron of the arts in these days of commercialised kirtan, for without her financial support, Guru Nanak's rababi would have had no instrument to play upon and what's more - the Guru's twenty- plus years of preaching tours may not have been possible had Bebe Nanaki and her equally-supportive husband Jai Ram not taken up the financial responsibility of caring for Baba Nanak's wife and two sons - Sri Chand and Laxmi Das. That selfless service and devotion to Guru Nanak has earned her an honoured and enduring place in Sikh history.

This is the blessed role of a patron. Such a person is remembered as that initial and supportive helping hand - the one who makes it possible for scholarships, facilities, infra-structure and on-going activities and programs. Such people, when they give with generous hearts truly become instruments of the Divine Giver. They gain blessings for themselves and enable blessings to be distributed to others. Bebe Nanaki's implicit faith and timely financial support made it possible for the Guru to commence his unique program of musical parchar as selfless service to humanity.

Following this tradition of patronage, The Rabab Research and Education Foundation (Regd.) has initiated the Bebe Nanaki Rabab Scholarship Programme. It is designed to provide worthy and deserving candidates with the financial means to learn traditional Sikh instruments.

**Objectives of the Scholarship Program:**

Provide courses in rabab, siranda, taus, dilruba, esraj, etc.

Train competent performers ready to take up rababi duty in Harimandir Sahib and other places of worship around the world.

Prepare dedicated teachers who can further disseminate the knowledge of string instruments for Gurmat and classical sangeet.

Secure employment for its graduates as performers and teachers.

**The Scholarship - Indian Rs 13,000:**

Provides a student-model rabab created by the Rabab Seva Workshop.

Provides a one year foundation course taught by highly-qualified ustads.

Covers part of the administrative expenses of the scholarship programme.

**Candidates' eligibility:**

Prior training in vocal or instrumental music is essential.

Candidates must be planning to pursue music as a career.

Final selection depends on the approval of a panel of specialists.

Candidates must be willing to undertake to further the objectives of the Rabab Foundation and/or any sponsoring institution.

Age: 15 and above.

**The Sponsors:**

Will be special guests and honoured at public events of the Rabab Foundation.

Will be kept informed of the progress of their candidates and the program through regular newsletters and reports.

Will be able to enjoy the progress of their candidates at public recitals organised by the Foundation.

Are eligible for tax relief benefits under section 80G of the Income-Tax Act, 1961. CIT/CHD/80-G/1777Tech/3242

**Invitation:**

Be part of this spiritual awakening through the Rabab Revival Program. Your patronage will make a difference to the future development of shabad kirtan practices.

**Contributions:**

Full Scholarship : 13,000 Rs and other contributions in drafts/cheques should be made payable at Chandigarh, India favouring: **Rabab Research and Education Foundation.**

The Rabab Foundation is presently seeking registration under the Foreign Contributions' Regulation Act (F.C.R.A.). Those abroad are requested to direct their enquiries to the Director of Finance, Harbhajan Singh Chopra.

**Registered Office:** 1246, Sector 22-B Chandigarh, 160022, India.

Phone/fax: 91 (172) 701396, 713915

Email: rababfound@rediffmail.com Website: www.rabab.org

# Popularising Classical Music Abroad

## Devyani Banerjee

Guru Dev Singh's tryst with music began at an early age of 13 when with his nimble fingers he would create sweet music out of Dil Ruba. Today, at 50, Guru Dev Singh is a name to reckon with in the world of music. Disciple of none other than the famous sarod maestro Ustad Amjad Ali Khan, he plays sarod to perfection.

Now a non-resident Indian, Guru Dev Singh has opened a music school in London where he and his son teach Sarod Dil Ruba, harmonium and tabla. His sojourn in India every year is marked by extensive touring in which he mesmerizes the audience with his sarod.

Guru Dev attributes his success to the encouragement and blessing of his religious guru Jagjit Singh who is himself a musician and a great lover of music, encouraged Guru Dev Singh to take up music seriously as a profession.

Going down memory lane, Guru Dev says that after promising his religious guru that he would not neglect his music, he came to Delhi in 1967 from Sirsa to fend for himself.

It seems destiny did not want him to take up a 9 to 5 job. The right thing happened at the right moment. Guru Dev Singh once went to a tea stall and bumped into a gentleman who, he later learned, was a relative of Birju Maharaj. This gentleman asked Guru Dev Singh about his profession. By then he was working as a clerk in an newspaper. He told the gentleman about his passion for music and his inclination to learn sarod.

As luck would have it, Guru Dev Singh was taken to Amjad Ali Khan by this gentleman. Guru Dev touched the maestro's feet. Seeing the gleam of dedication in his eyes, the maestro decided to groom him in sarod. But to test his sincerity, he asked Guru Dev to come every day at midnight for a couple of hours lesson. Guru Dev just obeyed him like a docile student. Finally, Amjad Ali Khan asked him to come in the morning. Thus began Guru Dev Singh's continuous practice of sarod from 1967 to 1982. Every morning, Guru Dev Singh would trot off to buy a pan for his ustadji and reach his place sharp at nine.

In 1982, after taking the permission of Ustad Amjad Ali, he accepted an U.S. sponsorship of two months to play sarod in few concerts. While on his way back home, he stopped at London for a programme and received an enthusiastic response. Seeing the interest of the Britishers in Indian music, Guru Dev Singh decided to settle in England and since then he has been playing in all concerts.

Guru Dev Singh feels that Indian music has the hypnotic power to knit different world communities together. He fondly recalls an incident when while playing in a concert organised by a Bengali gentleman, the British invitees had all come dressed in Indian attires.

He doesn't take an alarmist view of things when it comes to the question of pop mania riding roughshod over classical music. He assures: "Pop music is enjoyed only by youngsters for whom it is only a passing fad. Once they attain maturity, they will again gravitate towards Indian music."

*Courtesy* : Sardar Awat Singh

# ਸਵਰ ਲਿਪੀ ਵੇਰਵਾ

**ਹਰਿਭਜਨ ਸਿੰਘ**

# 1246, Sector : 22 - B, Chandigarh

| 1999 | ਰਾਗ | ਤਾਲ | ਸ਼ਬਦ | ਰਚਨਾਕਾਰ |
|---|---|---|---|---|
| ਜਨਵਰੀ | ਬਸੰਤ | ਤਿਨਤਾਲ | ਇਨ ਬਿਧਿ ਇਹੁ ਮਨੁ ਹਰਿਆ ਹੋਇ | ਪ੍ਰੋ. ਪਰਮਜੋਤ ਸਿੰਘ |
| | ਬਹਾਰ | ਤਿਨਤਾਲ | ਸਿਧ ਸਾਧਿਕ ਮਿਲਿ ਜਾਗਦੇ | ਸ੍ਰ. ਉੱਤਮ ਸਿੰਘ |
| ਫਰਵਰੀ | | 1989 ਤੋਂ 1998 ਤੱਕ ਸਵਰ ਲਿਪੀ ਵੇਰਵਾ | | ਸ੍ਰ. ਹਰਿਭਜਨ ਸਿੰਘ |
| ਮਾਰਚ | ਹਿੰਡੋਲ | ਤਿਨਤਾਲ | ਮਾਧੋ ਸਾਧੂ ਜਨ ਦੇਹੁ ਮਿਲਾਇ | - |
| | ਖਮਾਜ | ਝਪ | ਤੋ ਸੋ ਨ ਨਾਥ ਅਨਾਥ ਨ ਮੋ ਸਰਿ | - |
| ਅਪ੍ਰੈਲ | ਤਿਲੰਗ | ਕਹਿਰਵਾ | ਮਿਹਰਵਾਨੁ ਸਾਹਿਬ ਮਿਹਰਵਾਨੁ | ਸ੍ਰ. ਹਰਿਭਜਨ ਸਿੰਘ |
| | - | ਦਾਦਰਾ | ਮੈ ਅੰਧੁਲੇ ਕੀ ਟੇਕ | ਸ੍ਰ. ਹਰਿਭਜਨ ਸਿੰਘ |
| ਮਈ | ਸੂਹੀ | ਰੂਪਕ | ਲਾਵਾਂ | - |
| ਜੂਨ | ਤਿਲੰਗਕਾਫੀ | ਰੂਪਕ | ਚੇਤਨਾ ਹੈ ਤਉ ਚੇਤ ਲੈ | ਪ੍ਰੋ. ਤਾਰਾ ਸਿੰਘ |
| | ਸੂਹੀ ਕਾਫੀ | ਰੂਪਕ | ਹਉ ਨ ਛੋਡਉ ਕੰਤ ਪਾਸਰਾ | ਪ੍ਰੋ. ਤਾਰਾ ਸਿੰਘ |
| ਜੁਲਾਈ | 31 ਰਾਗ | ਤਿਨਤਾਲ | ਇੱਕਤੀ ਰਾਗਾਂ ਦਾ ਗੁਲਦਸਤਾ | ਉਸਤਾਦ ਸੁਰਜੀਤ ਸਿੰਘ |
| ਅਗਸਤ | ਗੂਜਰੀ | ਰੂਪਕ | ਪੂਤਾ ਮਾਤਾ ਕੀ ਆਸੀਸ | ਭਾਈ ਰਣਜੀਤ ਸਿੰਘ ਕਲੌੜ |
| ਸਤੰਬਰ | ਰਾਮਕਲੀ | ਕਹਿਰਵਾ | ਜਾਨੀ ਜਾਨੇ ਰੇ ਰਾਜਾ ਰਾਮ ਕੀ ਕਹਾਨੀ | ਸ੍ਰ. ਹਰਿਭਜਨ ਸਿੰਘ |
| ਅਕਤੂਬਰ | ਬਿਲਾਵਲ | ਤਿਨ | ਪ੍ਰਭ ਜੀ ਤੂ ਮੇਰੇ ਪ੍ਰਾਨ ਆਧਾਰੈ | ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ |
| | ਗਉੜੀ ਗੁਆਰੇਰੀ | ਤਿਨ | ਹਰਿ ਹਰਿ ਨਾਮ ਜਪਤ ਜਨ | ਹਰਦੀਪ ਕੌਰ |
| ਨਵੰਬਰ | ਗਉੜੀ | ਤਿਨਤਾਲ | ਥਿਰ ਘਰ ਬੈਸਹੁ ਹਰਿ ਜਾਪ ਪਿਆਰੇ | ਪ੍ਰੋ. ਪਰਮਜੋਤ ਸਿੰਘ |
| | ਗਉੜੀ | ਝਪ | ਨਰ ਅਚੇਤ ਪਾਪ ਤੇ ਡਰੁਰੇ | ਸ੍ਰ. ਹਰਿਭਜਨ ਸਿੰਘ |
| ਦਸੰਬਰ | ਸਿਰੀ | ਰੂਪਕ | ਰਾਗਾਂ ਵਿੱਚ ਸ੍ਰੀ ਰਾਗ ਹੈ। | ਭਾਈ ਸੁਬੇਗ ਸਿੰਘ |
| | ਸਿਰੀ | ਕਹਿਰਵਾ | ਵੀਆਹੁ ਹੋਆ ਮੇਰੇ ਬਾਬੁਲਾ | ਪ੍ਰੋ. ਤਾਰਾ ਸਿੰਘ |

| 2000 | ਰਾਗ | ਤਾਲ | ਸ਼ਬਦ | ਰਚਨਾਕਾਰ |
|---|---|---|---|---|
| ਜਨਵਰੀ | ਸੂਹੀ | ਤਿਨਤਾਲ | ਦਰਸਨੁ ਹਰਿ ਦੇਖਣ ਕੈ ਤਾਈ | ਪ੍ਰੋ. ਤਾਰਾ ਸਿੰਘ |
| | ਸੂਹੀ | ਇਕਤਾਲ ਬਿਲੰਬਿਤ | ਸੂਹਬ ਸੂਹਬ ਸੂਹਵੀ | ਪ੍ਰੋ. ਗੁਰਦਿਆਲ ਸਿੰਘ |

| | | | | |
|---|---|---|---|---|
| ਫਰਵਰੀ | ਬਸੰਤ | ਝਬ | ਹਉ ਕਛੂ ਨ ਜਾਨਉ ਤੇਰੀ ਸਾਰ | ਪ੍ਰੋ. ਕਰਤਾਰ ਸਿੰਘ |
| | ਬਸੰਤ | ਭਿਨ | ਰੁਤਿ ਆਈਲੇ ਸਰਸ ਬਸੰਤ ਮਾਹਿ | ਭਾਈ ਸੁਬੇਗ ਸਿੰਘ |
| ਮਾਰਚ | ਕੁਸਮ ਬਸੰਤ | ਝੂਮਰਾ | ਕੁਸਮ ਬਸੰਤ ਗਨੰਤ ਨ ਆਵੈ | ਪ੍ਰੋ. ਗੁਰਦਿਆਲ ਸਿੰਘ |
| | ਬਸੰਤ ਹਿੰਡੋਲ | ਜੈ ਤਾਲ | ਮੂਲ ਨ ਬੂਝੇ ਆਪ ਨ ਸੂਝੇ | ਪ੍ਰਿ. ਦਿਆਲ ਸਿੰਘ |
| ਅਪ੍ਰੈਲ | ਚੰਪਕ | - | ਇਨ ਹੀ ਕੀ ਕ੍ਰਿਪਾ ਕੇ ਸਜੇ | ਪ੍ਰੋ. ਤਾਰਾ ਸਿੰਘ |
| | ਦਰਬਾਰੀ ਕਾਨੜਾ | - | ਪੂਰਨ ਜੋਤ ਜਗੈ ਘਟ ਮੈ | ਪ੍ਰੋ. ਤਾਰਾ ਸਿੰਘ |
| ਮਈ | ਟੋਡੀ | ਰੂਪਕ | ਮਾਗਉ ਦਾਨੁ ਠਾਕੁਰ ਨਾਮ | ਪ੍ਰਿੰ. ਦਿਆਲ ਸਿੰਘ |
| | ਟੋਡੀ | ਇਕ ਤਾਲ | ਕਉਨ ਕੋ ਕਲੰਕੁ ਰਹਿਓ | ਪ੍ਰਿੰ ਦਿਆਲ ਸਿੰਘ |
| ਜੂਨ | ਸਾਰੰਗ | ਤਿਨਤਾਲ | ਮੋਹਨ ਘਰਿ ਆਵਹੁ | ਪਿਆਰਾ ਸਿੰਘ ਪਦਮ |
| ਜੁਲਾਈ | ਬਿਹਾਗੜਾ | ਤਿਨਤਾਲ | ਕਿਆ ਜਾਣਾ ਕਿਵ ਮਰਹਗੇ | ਪ੍ਰੋ. ਪਰਮਜੋਤ ਸਿੰਘ |
| | ਬਿਹਾਗੜਾ | ਤਿਨਤਾਲ | ਤੂ ਸਮਰਥ ਵਡਾ | ਪ੍ਰੋ. ਪਰਮਜੋਤ ਸਿੰਘ |
| ਸਤੰਬਰ | ਭੈਰਵ | ਦਾਦਰਾ | ਦੀਨ ਦੁਨੀਆ ਤੇਰੀ ਟੇਕ | ਸ੍ਰ. ਉੱਤਮ ਸਿੰਘ |
| | ਭੈਰਵ | ਕੈਹਰਵਾ | ਕਰਿ ਕਿਰਪਾ ਅਪਨੀ ਸੇਵਾ | ਸ੍ਰ. ਉੱਤਮ ਸਿੰਘ |
| ਅਕਤੂਬਰ | ਆਸਾ | ਰੂਪਰ | ਰਤੇ ਇਸਕ ਖੁਦਾਇ | ਪ੍ਰੋ. ਤਾਰਾ ਸਿੰਘ |
| | ਆਸਾ | ਦਾਦਰਾ | ਗੋਬਿੰਦ ਗੋਬਿੰਦ ਗੋਬਿੰਦ ਸੰਗਿ | ਪ੍ਰੋ. ਤਾਰਾ ਸਿੰਘ |
| ਨਵੰਬਰ | ਮਾਝ | ਤੀਨਤਾਲ | ਅੰਮ੍ਰਿਤ ਬਾਣੀ ਹਰਿ ਹਰਿ ਤੇਰੀ | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ |
| | ਮਾਝ | ਏਕਤਾਲ | ਆਉ ਸਖੀ ਹਰਿ ਮੇਲ ਕਰੇਹਾ | ਜਸਵੰਤ ਸਿੰਘ ਭਵਰਾ |
| ਦਸੰਬਰ | ਸਿਰੀ | ਤੀਨਤਾਲ | ਹਰਿਬਿਨ ਜੀਉ ਜਲਿ ਬਲਿ | ਡਾ. ਗੁਰਨਾਮ ਸਿੰਘ ਜੀ |
| | ਸਿਰੀ | ---- | ਹਉ ਘੋਲੀ ਜੀਉ | ਡਾ. ਗੁਰਨਾਮ ਸਿੰਘ ਜੀ |

**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੇਨਸ਼ਨ
ਲੁਧਿਆਣਾ - 141 002

Phone : (O) 3312440
Resi. : 5721753

*Sawhney Cloth House*

46, Shanker Market, Connaught Circus, New Delhi - 110 001

# ਸੁਰ ਲਿਪੀਆਂ


## ਭਾਈ ਜਸਪਾਲ ਸਿੰਘ ਅਤੇ ਭਾਈ ਸੁਖਵੰਤ ਸਿੰਘ

ਗੁ: ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ, ਲੁਧਿਆਣਾ


ਤਿਲੰਗ : ਤਿਲੰਗ ਬੜਾ ਪ੍ਰਸਿੱਧ ਮਨੋਹਰ ਅਤੇ ਸਰਲ ਰਾਗ ਹੈ। ਇਸ ਰਾਗ ਨੂੰ ਸਾਧਾਰਣ ਸ੍ਰੋਤੇ ਵੀ ਬੜੀ ਸੋਖੀ ਤਰ੍ਹਾਂ ਪਛਾਣ ਲੈਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਿਲੰਗ ਰਾਗ ਦੇ ਸਿਰਲੇਖ ਹੇਠ ਦੋ ਰਾਗ ਪ੍ਰਕਾਰ ਉਪਲੱਬਧ ਹਨ। ਬਾਬਰਵਾਣੀ ਜਿਸ ਵਿੱਚ 'ਪਾਪ ਦੀ ਜੰਞ', 'ਜੋਰੀ ਮੰਗੈ ਦਾਨ', 'ਰਾਤ ਕਾ ਕੁੰਗੂ', 'ਅਗਦ ਪੜੈ ਸ਼ੈਤਾਨ' ਆਦਿਕ ਸ਼ਬਦ ਹਨ ਜੋ ਭਿਆਨਕ ਦ੍ਰਿਸ਼ ਬਣਾਉਂਦੇ ਹਨ ਪਰ 'ਪਿਆਰੇ ਕਾ ਰਾਇਸਾ' ਹੋਣ ਕਰਕੇ ਪਰਮੇਸਰ ਦੀ ਲੀਲਾ ਸਮਝ ਜਗਿਆਸੂ ਭਾਣੇ ਵਿੱਚ ਟਿਕਦਾ ਹੈ।

**ਆਰੋਹ** : ਸ ਗ, ਮ ਪ, ਨੀ ਸਂ। **ਅਵਰੋਹ** : ਸਂ ਨੀ̲ ਪ, ਮ ਗ, ਸ **ਸੁਰ** : ਰਿਸ਼ਭ ਤੇ ਧੈਵਤ ਵਰਜਿਤ, ਦੋਨੋਂ ਨਿਸ਼ਾਦ, ਬਾਕੀ ਸਾਰੇ ਸ਼ੁਧ। **ਥਾਟ** : ਖਮਾਜ **ਜਾਤੀ** : ਔੜਵ-ਔੜਵ **ਸਮਾਂ** : ਦਿਨ ਦਾ ਤੀਸਰਾ ਪਹਿਰ **ਵਾਦੀ** : ਗੰਧਾਰ **ਸੰਵਾਦੀ** : ਨਿਸ਼ਾਦ **ਮੁੱਖ ਅੰਗ** : ਨੀ ਸ ਗ ਮ ਪ, ਨੀ̲ ਪ, ਗ ਮ ਗ, ਸ।

**ਸੁਰ ਵਿਸਥਾਰ** : ੧. ਸ. ਨ਼ੀ ਸ, ਗ ਸ, ਨ਼ੀ̲ ਪ਼, ਨ਼ੀ ਸ, ਨ਼ੀ ਸ ਗ, ਮ ਗ,
ਗ ਮ ਪ ਨੀ̲ ਪ, ਨੀ̲ ਪ ਗ ਮ ਗ, ਮ ਪ ਮ ਗ, ਮ ਗ, ਸ।
੨. ਗ ਮ ਪ, ਨੀ̲ ਪ, ਨੀ̲ ਪ ਮ ਪ ਨੀ ਸਂ, ਪ ਨੀ ਸਂ ਗਂ, ਮਂ ਗਂ,
ਸਂ, ਨੀ ਸਂ ਨੀ̲ ਪ, ਪ ਨੀ̲ ਪ ਮ ਪ ਗ ਮ ਗ, ਮ ਗ, ਸ. ਨ਼ੀ, ਸ।

**ਇੱਕ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | ***ਸਥਾਈ*** | ਪ | ਸਂ | ਨੀ | ਸਂ |
| | | | | | | | | ਮਿ | ਹ | ਰ | ਵਾ |
| ਸਂ | ਨੀ̲ਪ | ਪ | ਨੀ̲ | ਪ | ਨੀ̲ | ਨੀ̲ | ਪਮ | ਮਨੀ̲ | ਪਮ | ਗ | ਮ |
| ऽ | ਨऽ | ਮਿ | ਹ | ਰ | ਵਾ | ऽ | ਨऽ | ਮਿऽ | ऽऽ | ਹ | ਰਿ |
| ਗ | ਗ | ਗ | ਸ | ਗ | ਮ | ਪਨੀ̲ | ਮਪ | ਮਨੀ̲ | ਪਮ | ਗ | ਮ |
| ਵਾ | ऽ | ऽ | ਨ | ਸਾ | ऽ | ਹਿऽ | ਬऽ | ਮਿऽ | ऽऽ | ਹ | ਰਿ |
| ਗ | ਗ | ਪ | ਗ | ਮ | ਗ | ਗ | ਸ | ਨੀਸਂ | ਨੀ̲ਪ | ਗ | ਮ |
| ਵਾ | ਨ | ਮਾ | ਹਿ | ਬ | ਮੰ | ऽ | ਰਾ | ਮਿऽ | ऽऽ | ਹ | ਰਿ |
| ਗ | ਗ | ਗ | ਸ | ਸਗ | ਪਗ | ਮਗ | ਗ | ਗ | ਗਨ਼ੀ | ਸ | ਸ |
| ਵਾ | ऽ | ऽ | ਨ | ਜੀਅ | ऽਸ | ਗਲ | ਕਉ | ऽ | ਦੇਇ | ਦਾ | ਨ |
| ***ਅੰਤਰਾ*** | | | | | | | | | | | |
| ਗਮ | ਨੀ̲ਪ | ਨੀ | ਸਂ | ਸਂ | ਸਂ | ਪਨੀ | ਸਂਗਂ | ਨੀ | ਸਂ | ਸਂ | ਸਂ |
| ਤੂऽ | ਕਾऽ | ਹੇ | ਡੋ | ਲ | ਹਿ | ਪ੍ਰਾऽ | ऽऽ | ਣੀ | ਆ | ऽ | ऽ |
| ਗਂ | ਗਂ | ਗਂਮਂ | ਗਂ | ਨੀ | ਸਂ | ਸਂ | ਸਂਨੀ̲ | ਪ | ਨੀ | ਸਂ | ਸਂ |
| ਤੁਧ | ਰਾ | ਖੰਗਾ | ਸਿ | ਰ | ਜ | ਣ | ਹਾऽ | ऽ | ऽ | ਰ | ऽ |
| ਸਂਨੀ̲ | ਪ | ਗ | ਗ | ਮ | ਗ | ਗ | ਸ | | | | |
| ਸਿऽ | ਰ | ਜ | ऽ | ਣ | ਹਾ | ऽ | ਰ | | | | |
| X | | 0 | | 2 | | 0 | | 3 | | 4 | |

ਇੱਕ ਤਾਲ - ਦ੍ਰੁਤ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| X | | 0 | | 2 | | 0 | | 3 | | 4 | |
| **ਸਥਾਈ** | | | | | | | | | | | |
| ਸੰ | ਸੰ | ਨੀ | ਸੰ | ਨੁੀ | ਪ | ਪ | ਗ | ਗ | ਮ | ਪ | ਪ |
| ਮੀ | ਗਾਂ | ਦਾ | ऽ | ਨਾ | ऽ | ऽ | ਦਿ | ऽ | ਲ | ਸੋ | ਚ |
| ਗ | ਮ | ਗ | ਗ | ਗ | ਸ | ਨ਼ੀ | ਨ਼ੀ | ਸ | ਸ | ਸ | ਸ |
| ਦਿ | ਲ | ਸੋ | ऽ | ਚ | ऽ | ਦਿ | ऽ | ਲ | ਸੋ | ऽ | ਚ |
| ਸ | ਗ | ਸ | ਗ | ਮ | ਗ | ਮ | ਪ | ਮ | ਪ | ਪ | ਪ |
| ਮੁ | ਹ | ਬ | ਤੇ | ਮ | ਨ | ਤ | ਨ | ਬ | ਸੈ | ऽ | ऽ |
| ਸੰਸੰ | ਸੰ | ਸੰ | ਨੁੀ | ਨੁੀ | ਪ | ਪ | ਪਨੁੀ | ਪਮ | ਪਮ | ਗਮ | ਗ |
| ਸਚ | ਸਾ | ਹ | ਬੰ | ऽ | ਦੀ | ऽ | ਮੋऽ | ऽऽ | ऽऽ | ਚऽ | ऽ |
| **ਅੰਤਰਾ** | | | | | | | | | | | |
| ਨੀ | ਸੰ | ਗੰ | ਸੰ | ਗੰ | ਸੰ | ਨੀ | ਸੰ | ਗੰ | ਸੰ | ਨੀ | ਸੰ |
| ਦੀ | ऽ | ਦ | ਨੇ | ऽ | ਦੀ | ਦਾ | ऽ | ਰ | ਸਾ | ਹਿ | ਬ |
| ਗੰ | ਮੰ | ਗੰ | ਸੰ | ਨੁੀ | ਨੁੀ | ਨੁੀ | ਪਸੰ | ਨੁੀਪ | ਗਮ | ਗ | ਗ |
| ਕ | ਛੁ | ਨ | ਹੀ | ਇ | ਸ | ਕਾ | ਮੋऽ | ऽऽ | ऽऽ | ਲ- | ऽ |




*Dear Associate, Donor, Wellwisher*

*Congratulations !*

**MORNI HILLS (DISTT. PANCHKULA) IS CATARACT FREE ZONE**

*Thanks to the Almighty, Our Associates, Donors & Well Wishers for the kindness which ensured Morni Hills (Distt. Panchkula). Cataract Free Zone before target date 31.03.2001*

**ABOVE COULD BE ACHIEVED DUE TO YOUR GUIDANCE & CONTINUED SUPPORT.**

*Thanks*
*Please Keep it up*

K.S. CHUGH    H.B. SINGH CHOPRA    D.S. ARORA    JASBEER K. GHUGH

*Let us be in the service of Humanity*

- Donate Eyes
- Donate Blood
- De-Addiction
- Aids Awareness
- Help Sick
- Help Aged
- Vocational Training
- Promote Education
- Help Handicapped
- Women Upliftment

HELP NEEDY

**Sewaks' Charitable Trust (Regd.)**

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| ਤਿਲੰਗ ਮਹਲਾ ੫॥<br>ਘਰੁ ੩॥ | Tilang 5th Guru. | ਭੈਰਉ ਪੰਜਵੀਂ ਪਾਤਸ਼ਾਹੀ। |
|---|---|---|
| ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਬਾਨੁ॥ | Merciful, merciful is the Lord. Merciful is my Master. | ਦਇਆਵਾਨ, ਦਇਆਵਾਨ ਹੈ ਸੁਆਮੀ। ਦਇਆਵਾਨ ਹੈ ਮੈਂਡਾ ਮਾਲਕ। |
| ਜੀਅ ਸਗਲ ਕਉ ਦੇਇ ਦਾਨੁ॥ | He blesses all the beings with His bounties. | ਉਹ ਸਾਰੇ ਜੀਵਾਂ ਨੂੰ ਆਪਣੀਆਂ ਬਖ਼ਸ਼ਸ਼ਾਂ ਪਰਦਾਨ ਕਰਦਾ ਹੈ। |
| ਰਹਾਉ॥ | Pause. | ਠਹਿਰਾਉ। |
| ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥ | Why waverest thou, O mortal. The Creator shall protect Thee. | ਤੂੰ ਕਿਉਂ ਡਿਕਡੋਲੇ ਖਾਂਦਾ ਹੈਂ, ਹੇ ਫਾਨੀ ਬੰਦੇ! ਕਰਤਾਰ ਤੇਰੀ ਰਖਿਆ ਕਰੇਗਾ। |
| ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥੧॥ | He, who gave thee birth, will provide thee with sustenance. | ਜਿਸ ਨੇ ਤੈਨੂੰ ਜਨਮ ਦਿੱਤਾ ਹੈ, ਉਹ ਹੀ ਤੈਨੂੰ ਆਹਾਰ ਦੇਵੇਗਾ। |
| ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥ | He, who hast created the world takes care of it. | ਜਿਸ ਨੇ ਸ੍ਰਿਸ਼ਟੀ ਸਾਜੀ ਹੈ, ਉਹ ਹੀ ਇਸ ਦੀ ਸੰਭਾਲ ਕਰਦਾ ਹੈ। |
| ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ॥੨॥ | The True Cherisher is the Lord of all the souls and minds. | ਸਚਾ ਪਾਲਣ-ਪੋਸਣਹਾਰ, ਸਾਰੀਆਂ ਆਤਮਾਵਾਂ ਅਤੇ ਮਨਾਂ ਦਾ ਸੁਆਮੀ ਹੈ। |
| ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ॥ | His Omnipotence and worth cannot be known. He is the great and unconcerned Lord. | ਉਸ ਦੀ ਅਪਾਰ ਸ਼ਕਤੀ ਤੇ ਕੀਮਤ ਜਾਣੀ ਨਹੀਂ ਜਾ ਸਕਦੀ। ਉਹ ਵਿਸ਼ਾਲ ਅਤੇ ਬੇ-ਮੁਹਤਾਜ ਸੁਆਮੀ ਹੈ। |
| ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ॥੩॥ | O man, meditate thou on the Lord, till there is breath in the body. | ਹੇ ਇਨਸਾਨ! ਤੂੰ ਉਦੋਂ ਤਾਂਈਂ ਸਾਹਿਬ ਦਾ ਸਿਮਰਨ ਕਰ ਜਦ ਤਾਂਈਂ ਤੇਰੀ ਦੇਹ ਅੰਦਰ ਸੁਆਸ ਹੈ। |
| ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ॥ | O Lord, Thou art All-powerful, Ineffable and Inapprehensible. My soul and body are Thy capital. | ਹੇ ਪ੍ਰਭੂ! ਤੂ ਸਰਬ-ਸ਼ਕਤੀਵਾਨ, ਅਕਹਿ ਅਤੇ ਅਗਾਧ ਹੈਂ। ਮੇਰੀ ਜਿਦੜੀ ਅਤੇ ਜਿਸਮ ਤੇਰੀ ਪੂੰਜੀ ਹਨ। |
| ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ॥੪॥੩॥ | In Thy mercy I attain peace, O Lord. Nanak ever makes supplication before Thee. | ਤੇਰੀ ਰਹਿਮਤ ਅੰਦਰ ਮੈਂ ਆਰਾਮ ਪਾਉਂਦਾ ਹਾਂ, ਤੇ ਸਾਂਈਂ, ਨਾਨਕ ਹਮੇਸ਼ਾਂ ਹੀ ਤੇਰੇ ਅੱਗੇ ਪ੍ਰਾਰਥਨਾ ਕਰਦਾ ਹੈ। |

### ਬਾਲ ਕੀਰਤਨ ਦਰਬਾਰ

ਸਕੂਲਾਂ ਦੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ 'ਅੰਮ੍ਰਿਤ ਕੀਰਤਨ ਟ੍ਰਸਟ' ਵਲੋਂ ਮਿਤੀ 2 ਅਕਤੂਬਰ 2001 ਨੂੰ ਗੁਰਦੁਆਰਾ ਬਾਬੇ ਕੇ (ਮਦਨ ਪੁਰ, ਚੰਡੀਗੜ੍ਹ ਰੋਡ, ਨੇੜੇ ਫਰਨੀਚਰ ਮਾਰਕੀਟ) ਵਿਖੇ ਇੱਕ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ ਜੋ ਸਵੇਰੇ 9 ਵਜੇ ਆਰੰਭ ਹੋਵੇਗਾ। ਨਿਯਮਾਂ ਅਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।

ਸ੍ਰ. ਹਰਭਜਨ ਸਿੰਘ, 1246 ਸੈਕਟਰ 22-ਬੀ, ਚੰਡੀਗੜ੍ਹ ਫੋਨ: 713915, 701396

ਸ੍ਰ. ਹਰਿੰਦਰਪਾਲ ਸਿੰਘ, ਫੋਨ: 696854

| ਤਿਲੰਗ ਮਹਲਾ ੫॥ | **Tilang 5th Guru.** | **ਤਿਲੰਗ ਪੰਜਵੀਂ ਪਾਤਸ਼ਾਹੀ।** |
|---|---|---|
| ਮੀਰਾਂ ਦਾਨਾਂ ਦਿਲ ਸੋਚ॥ | O my wise King I think of Thee in my mind. | ਹੇ ਮੇਰੇ ਸਿਆਣੇ ਪਾਤਿਸ਼ਾਹ! ਆਪਣੇ ਚਿਤ ਵਿੱਚ ਮੈਂ ਤੈਨੂੰ ਚੇਤੇ ਕਰਦਾ ਹਾਂ। |
| ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ॥੧॥ | O True sovereign, the Releaser from bondage, Thy love abides within my mind and body. | ਹੇ ਬੇੜੀਆਂ ਕਟਣ ਵਾਲੇ! ਸਚੇ ਸੁਲਤਾਨ! ਤੇਰਾ ਪ੍ਰੇਮ ਮੇਰੇ ਦਿਲ ਤੇ ਦੇਹ ਅੰਦਰ ਵਸਦਾ ਹੈ। |
| ਰਹਾਉ॥ | Pause. | ਠਹਿਰਾਉ। |
| ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸਕਾ ਮੋਲੁ॥ | Seeing the Lord's sight; The worth of it can be evaluated not. | ਪ੍ਰਭੂ ਦਾ ਦਰਸ਼ਨ ਵੇਖਣ, ਇਸ ਦਾ ਮੁੱਲ ਪਾਇਆ ਨਹੀਂ ਜਾ ਸਕਦਾ। |
| ਪਾਕ ਪਰਵਰਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ॥੧॥ | Thou art the immaculate Cherisher. Thou Thyself art the great and immeasurable, Lord. | ਤੂੰ ਪਵਿੱਤਰ ਪਾਲਣ-ਪੋਸਣਹਾਰ ਹੈਂ। ਤੂੰ ਆਪ ਹੀ ਵਿਸ਼ਾਲ ਅਤੇ ਅਮਾਪ ਸੁਆਮੀ ਹੈਂ। |
| ਦਸਤਗੀਰੀ ਦੇਹਿ ਦਿਲਾਵਰ ਤੂ ਹੀ ਤੂ ਹੀ ਏਕ॥ | Give me assistance, O Chivalrous Lord, for Thou, Thou alone art. | ਮੈਨੂੰ ਸਹਾਇਤਾ ਦੇ, ਹੇ ਸੂਰਬੀਰ ਸਾਹਿਬ! ਕਿਉਂਕਿ ਕੇਵਲ ਤੂੰ ਹੀ ਤੂੰ ਹੀ ਹੈਂ। |
| ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ॥੨॥੫॥ | My Creator Lord, by Thy power Thou didst create the world. Thou art Nanak's mainstay. | ਮੇਰੇ ਸਿਰਜਣਹਾਰ ਸੁਆਮੀ! ਆਪਣੀ ਸ਼ਕਤੀ ਦੁਆਰਾ ਤੂੰ ਸੰਸਾਰ ਰਚਿਆ ਹੈ। ਤੂੰ ਹੀ ਨਾਨਕ ਦਾ ਆਸਰਾ ਹੈਂ। |

## ਗੁਰਮੁਖ ਢੂਢ ਢੂਢੇਂਦਿਆਂ ( Free Matrimonial Service )

**SUITABLE** match for Arora Sikh Girl (D.O.B. 17-09-1973 / 5'-8"), fair & slim with impressive personality. M.A.(Sociology), B.Ed and computer literate.Presently employed as teacher at Chandigarh. Father is a retired Class-I Officer, Govt. of India. mother is a house wife. **Contact** : Sardar T.S. Chawla, House No.375, Sector-44/A, Chandigarh **Phone** : 0172-615240

**SUITABLE** match for Boy (D.O.B. 23-02-1974). 10+2 and 3 years diploma in Textile Engineering. Did job in MNC but now doing own business. Nature loving, interested in classical kirtan and learning Shastri Sangeet with Rabab. **Contact** : Sardar Navtej Singh,House No.96, Shivala Colony, Amritsar 143 001 **Phone** : 273389

**SUITABLE** match for Khatri Sikh Girl (24 yrs. / 5'-2"), fair, slim & charming with pleasing manners. M.Com.,B.Ed.,presently employed in Bank. Father was in Defence services, mother is teaching in a public school & brother is an Engineering Student. **Contact** : Lt. Col. Sardul Singh, House No.896, Phase-VII, Mohali

ਤਲਾਕ ਸ਼ੁਦਾ ਜਰਮਨ ਨਿਵਾਸੀ ਗੁਰਸਿੱਖ ਅੰਮ੍ਰਿਤਧਾਰੀ ਸਿਮਰਨ ਭਗਤੀ ਵਾਲਾ ਅਤੇ ਸਿੱਖੀ ਪਰਚਾਰ ਕਰਨ ਵਾਲੇ ਉਮਰ 41 ਸਾਲ ਕੱਦ 5'-11" ਅਤੇ ਜਰਮਨ ਵਿੱਚ ਵਧੀਆ ਚਲ ਰਹੇ ਰੈਸਟੋਰੈਂਟ ਦਾ ਮਾਲਕ ਅਤੇ ਭਾਰਤ ਵਿੱਚ ਵੀ ਚੰਗੀ ਜਾਇਦਾਦ (ਅਤੇ ਇਸ ਦਾ ਇੱਕ ਲੜਕਾ 11 ਸਾਲ) ਦੇ ਲਈ ਸੁੰਦਰ ਗੁਰਸਿੱਖ ਅੰਮ੍ਰਿਤਧਾਰੀ ਕੇਸਕੀ ਸਜਾਉਣ ਵਾਲੀ ਕੱਦ 5'-6" ਤੇ ਘੱਟ ਨਾ ਹੋਵੇ ਜੋ ਇੰਗਲਿਸ਼ ਬੋਲ ਸਕਦੀ ਲੜਕੀ ਦੀ ਲੋੜ ਹੈ ਜਾਤ-ਪਾਤ ਦਾ ਕੋਈ ਬੰਦਨ ਨਹੀਂ ਹੈ ਤਲਾਕ ਸ਼ੁਦਾ ਜਾਂ ਵਿਧਵਾ ਬਿਨਾਂ ਬੱਚੇ ਤੋਂ ਹੋਵੇ ਵਿਆਹ ਬਿਨਾਂ ਖਰਚ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਐਡਰੈਸ : ਰਣਧੀਰ ਸਿੰਘ ਖਾਲਸਾ, ਪਿੰਡ ਨੰਗਲ ਸੋਹਲ ਡਾ: ਰਮਦਾਸ, ਤਹਿਸੀਲ ਅਜਨਾਲਾ, ਜਿਲ੍ਹਾ ਅੰਮ੍ਰਿਤਸਰ। ਫੋਨ: 01858-32282

# ਸੰਗੀਤ ਲਿਪੀ ਚਿੰਨ੍ਹ

ਪ — ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ।

---

ਧੁ — ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2.4.9.11 ਕੋਮਲ ਸੁਰ ਹਨ।

---

ਮੰ — ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ।

---

ਪ਼ / ਧ਼ — ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ।

---

ਸੰ / ਪੰ — ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ।

---

ਪ – — ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ।

---

ਸ਼ਾਂ ऽ — ਜਿਸ ਅੱਖਰ ਅੱਗੇ ਜਿੰਨੇ ऽ ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ।

---

ਧੰਪ — ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ।

---

ਮ ਪ — ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ।

---

X O 1 2 3 X ਸਮ, 0 ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।



Postal Regd. No. PB / 0124 / 2001 RNI Regd. No. 46788/89 ISSN 0972-2335

ਪੰਡਤ ਵਿਸ਼ਨੂੰ ਨਾਰਾਇਨ ਭਾਤਖੰਡੇ ਜੀ ਦੀ ਰਚੀ ਪੁਸਤਕ
ਹੁਣ ਪੰਜਾਬੀ ਵਿੱਚ ਪ੍ਰਾਪਤ ਕਰੋ।

# ਹਿੰਦੁਸਤਾਨੀ ਸੰਗੀਤ ਪਧੱਤੀ

ਕ੍ਰਮਿਕ ਪੁਸਤਕ-ਮਾਲਿਕਾ (ਪਹਿਲੀ ਪੁਸਤਕ)

ਕੀਮਤ: 30 ਰੁਪਏ

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ: 0172-701396, 713915
e-mail: drjagirsingh@rediffmail.com